# ਰੂਪਾਂਤਰਣ ਦੇ ਲਈ ਪਰਮੇਸ਼ੁਰ ਦੀ ਸ਼ਕਤੀ

ਤੁਹਾਡਾ ਧੰਨਵਾਦ, ਭਾਈ। [ਭਾਈ ਕਾਰਲ ਵਿਲੀਅਮਜ਼ ਕਹਿੰਦੇ ਹਨ, "ਯਕੀਨੀ ਤੌਰ ਤੇ ਭਾਈ ਬ੍ਰਨਹਾਮ ਦਾ ਫੀਨਿਕਸ ਵਿੱਚ ਅਕਸਰ ਆਉਣਾ ਸੱਚਮੁੱਚ ਇੱਕ ਭਾਗਾਂ ਵਾਲੀ ਗੱਲ ਹੈ। ਮੈਂ ਸੋਚਦਾ ਹਾਂ ਕਿ ਕਿ ਉਹ ਫੀਨਿਕਸ ਵਿੱਚ ਕਿਸੇ ਵੀ ਜਗ੍ਹਾ ਨਾਲੋਂ ਜਿਆਦਾ ਵਾਰ ਆਉਂਦੇ ਹਨ। ਅਤੇ ਅਸੀਂ ਚਾਹੁੰਦੇ ਹਾਂ ਕਿ ਜਿੰਨਾ ਚਿਰ ਮੈਂ ਇੱਥੇ ਹਾਂ, ਉਹ ਕਿਸੇ ਵੀ ਤਰ੍ਹਾਂ, ਇੱਥੇ ਆਉਂਦੇ ਰਹਿਣ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਭਾਈ ਬ੍ਰਨਹਾਮ।"—ਸੰਪਾ.] ਤੁਹਾਡਾ ਧੰਨਵਾਦ—ਧੰਨਵਾਦ, ਭਾਈ ਵਿਲੀਅਮਜ਼।

ਸ਼ੁਭ ਸਵੇਰ, ਦੋਸਤੋ। ਮੈਂ ਹਾਂ...ਇਸ ਸ਼ਕੇਰੀਅਨ ਪਰਿਵਾਰ ਤੋਂ, ਭਾਈ ਵਿਲੀਅਮਜ਼ ਅਤੇ ਭੈਣ ਵਿਲੀਅਮਜ਼ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਇਸ ਬਾਰੇ ਜਾਣਦੇ ਹਨ। ਮੈਂ ਉਹ ਇੱਕ ਦਰਸ਼ਨ ਵਿੱਚ ਵੇਖਿਆ ਸੀ, ਉਸ ਦੇ ਬਿਮਾਰ ਹੋਣ ਤੋਂ ਦੋ ਤੋਂ ਤਿੰਨ ਸਾਲ ਪਹਿਲਾਂ, ਅਤੇ ਇਹ ਹੋ ਗਿਆ।

2 ਅਤੇ ਪਿਛਲੇ ਸਾਲ ਜਦੋਂ ਅਸੀਂ ਇੱਥੇ ਸੀ, ਮੇਰਾ ਮੰਨਣਾ ਹੈ ਕਿ ਇਹ ਜਨਵਰੀ ਵਿੱਚ, ਸੰਮੇਲਨ ਵਿੱਚ ਸੀ, ਇਹ ਉਹ ਸਮਾਂ ਸੀ ਜਦੋਂ ਉਹ ਪਾਦਰੀ (ਉਸਦਾ ਨਾਮ ਕੀ ਹੈ? ਮੈਂ ਹੁਣ ਉਸਦਾ ਨਾਮ ਭੁੱਲ ਗਿਆ ਹਾਂ।) ਇੱਥੇ ਸੀ। [ਕੋਈ ਕਹਿੰਦਾ ਹੈ, "ਸਟੈਨਲੀ।"—ਸੰਪਾ.] ਸਟੈਨਲੀ, ਬਿਸ਼ਪ ਸਟੈਨਲੀ, ਕੈਥੋਲਿਕ ਚਰਚ ਤੋਂ। ਤੁਹਾਨੂੰ ਯਾਦ ਹੈ ਜਦੋਂ ਉਹ ਮੇਰੇ ਲਈ ਬਾਈਬਲ ਲਿਆਇਆ ਸੀ, ਤੁਸੀਂ ਜਾਣਦੇ ਹੋ, ਅਤੇ ਉਸਨੇ ਮੈਨੂੰ ਕਿਹਾ ਸੀ...

ਬਹੁਤ ਸਾਰੀਆਂ ਭਵਿੱਖਬਾਣੀਆਂ ਹੋਈਆਂ ਸਨ, "ਮੇਰੀ ਬੇਟੀ, ਤੂੰ ਚੰਗੀ ਹੋ ਗਈ ਹੈਂ।"

3 ਅਤੇ ਉਹ ਜਾਣਦਾ ਸੀ ਕਿ ਦਰਸ਼ਣ ਨੇ ਦੱਸਿਆ ਸੀ ਕਿ ਉਹ ਚੰਗੀ ਨਹੀਂ ਹੋਵੇਗੀ। "ਉਹ ਸਵੇਰੇ ਦੋ ਤੋਂ ਤਿੰਨ ਵਜੇ ਦੇ ਵਿੱਚ ਮਰ ਜਾਵੇਗੀ।" ਕੀ ਇਹ ਯਾਦ ਹੈ? [ਕੋਈ ਕਹਿੰਦਾ ਹੈ, "ਹਾਂ।"—ਸੰਪਾ.] ਇਸ ਲਈ, ਦੋ ਜਾਂ ਤਿੰਨ ਵਜੇ।

4 ਅਤੇ ਮੈਂ ਡੈਮੋਸ ਨੂੰ ਨਹੀਂ ਦੱਸ ਸਕਿਆ। ਅਤੇ ਫਿਰ ਵੀ ਮੈਂ ਉਸਦੀ ਮਤਰੇਈ ਮਾਂ ਨੂੰ ਕਿਹਾ, ਕਮਰੇ ਵਿੱਚ, ਠੀਕ ਉਸ ਜਗ੍ਹਾ ਤੇ। ਮੈਂ ਕਿਹਾ, "ਉਹ ਚੰਗੀ ਨਹੀਂ ਹੋਵੇਗੀ।"

ਸ਼੍ਰੀਮਤੀ ਸ਼ਕੇਰੀਅਨ ਨੇ ਕਿਹਾ, "ਠੀਕ ਹੈ, ਹਰ ਕੋਈ ਭਵਿੱਖਬਾਣੀ ਕਰ ਰਿਹਾ ਹੈ।"

5 ਮੈਂ ਕਿਹਾ, "ਬੇਸ਼ੱਕ, ਮੈਂ ਖੁਦ ਵੀ, ਗਲਤ ਹੋ ਸਕਦਾ ਹਾਂ, ਪਰ ਮੈਂ ਇਹ ਕਹਿ ਦਿੱਤਾ। ਉਹ ਚੰਗੀ ਨਹੀਂ ਹੋਵੇਗੀ।"

6 ਮੈਂ ਉਨ੍ਹਾਂ ਵਿੱਚੋਂ ਕਈਆਂ ਨੂੰ ਦੱਸਿਆ, ਲਗਭਗ ਤਿੰਨ ਸਾਲ ਪਹਿਲਾਂ, "ਮੈਂ ਉਸਨੂੰ ਆਪਣੀ ਜਾਨ ਲਈ ਭੱਜਦਿਆਂ ਦੇਖਿਆ, ਅਤੇ ਉਹ ਇੱਕ ਬਿਸਤਰੇ ਤੇ ਚਲੀ ਗਈ। ਅਤੇ ਉਸਨੇ ਆਪਣੇ ਹੱਥ ਖੜੇ ਕੀਤੇ ਅਤੇ ਮੇਰੇ ਲਈ ਪੁਕਾਰਿਆ, ਇਸ ਤਰ੍ਹਾਂ। ਅਤੇ ਮੈਂ—ਮੈਂ ਉਸ ਤੱਕ ਪਹੁੰਚ ਵੀ ਨਹੀਂ ਸਕਿਆ। ਅਤੇ ਫਿਰ ਮੈਂ ਉਸਨੂੰ ਮਰਦੀ ਹੋਈ ਨੂੰ ਦੇਖਿਆ। ਅਤੇ ਮੈਂ ਦੇਖਿਆ, ਅਤੇ ਉੱਥੇ ਕੁਝ ਸੀ, ਇੱਕ ਘੜੀ ਸੀ, ਅਤੇ ਉਸਨੇ ਕਿਹਾ ਕਿ ਇਹ ਦੋ ਅਤੇ ਤਿੰਨ ਵਜੇ ਦੇ ਵਿਚਕਾਰ ਹੋਵੇਗਾ।"

7 ਅਤੇ ਇਸ ਲਈ ਬਿਸ਼ਪ ਨੇ ਕਿਹਾ, "ਅੱਛਾ, ਮੈਂ ਬੱਸ ਧਿਆਨ ਰੱਖਾਂਗਾ ਅਤੇ ਦੇਖਾਂਗਾ ਕਿ ਇਹ ਕਿਵੇਂ ਹੁੰਦਾ ਹੈ।" ਇਸ ਲਈ, ਇਹ ਹੋ ਗਿਆ।

8 ਯਕੀਨਨ ਸਾਨੂੰ ਅਫ਼ਸੋਸ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਕਲੀਸਿਯਾ ਨੇ ਭੈਣ ਫਲੋਰੈਂਸ ਸ਼ਾਕਰੀਅਨ ਵਿੱਚ, ਇੱਕ ਮਹਾਨ ਵਿਅਕਤੀ ਨੂੰ ਗੁਆ ਦਿੱਤਾ ਹੈ। ਪਰ, ਉਹ ਇੱਕ ਮਹਾਨ ਗਾਇਕਾ ਸੀ, ਉਹ ਇੱਕ ਆਤਮਾ ਨਾਲ ਭਰਪੂਰ ਇਸਤ੍ਰੀ ਸੀ।

9 ਮੈਂ ਉਸਦੀ ਮਾਂ ਦੇ ਨਾਲ ਸੀ; ਉਸਦੀ ਮਾਂ ਪੱਛਮੀ ਤੱਟ ਤੇ ਮੇਰੇ ਪਹਿਲੇ ਸੰਪਰਕਾਂ ਵਿੱਚੋਂ ਇੱਕ ਸੀ, ਜਦੋਂ ਉਸਦੀ ਮਾਂ ਚੰਗੀ ਹੋ ਗਈ ਸੀ। ਜਦੋਂ ਡਾਕਟਰਾਂ ਨੇ...ਉਹ ਬੇਹੋਸ਼ੀ ਵਿੱਚ ਸੀ, ਅਤੇ ਪੂਰੀ ਸੁੱਜ ਗਈ ਸੀ। ਅਤੇ ਇਸ ਲਈ—ਉੱਥੇ ਮੌਜੂਦ ਡਾਕਟਰ ਨੇ ਮੈਨੂੰ ਦੱਸਿਆ, ਕਿਹਾ, "ਹੁਣ ਜਦੋਂ ਤੁਸੀਂ ਪ੍ਰਾਰਥਨਾ ਕਰੋ ਤਾਂ ਬਹੁਤ ਸ਼ਾਂਤੀ ਨਾਲ ਕਰਨਾ। ਜ਼ਿਆਦਾ ਸ਼ੋਰ ਨਾ ਕਰਨਾ। ਉਹ ਔਰਤ ਮਰ ਰਹੀ ਹੈ।"

ਮੈਂ ਕਿਹਾ, "ਹਾਂ, ਸ਼੍ਰੀਮਾਨ।"

10 ਅਤੇ ਉਸਨੇ ਕਿਹਾ, ਫਿਰ, ਬਸ ਮੈਨੂੰ ਦੱਸਦਾ ਰਿਹਾ। ਅਤੇ, ਖੈਰ, ਮੈਨੂੰ ਤਾਂ ਆਪਣਾ ਮੂੰਹ ਖੋਲ੍ਹਣ ਦਾ ਮੌਕਾ ਵੀ ਨਹੀਂ ਮਿਲਿਆ।

11 ਇਸ ਲਈ, ਭਾਈ ਡੈਮੋਸ ਨੇ ਮੈਨੂੰ ਅੱਗੇ ਵਧਣ ਅਤੇ ਉੱਪਰ ਜਾ ਕੇ ਉਸ ਨੂੰ ਮਿਲਣ ਲਈ ਕਿਹਾ।

12 ਇਸ ਲਈ, ਮੈਂ ਛੱਤ ਤੇ ਚਲਾ ਗਿਆ। ਅਤੇ ਫਲੋਰੈਂਸ ਫਰਸ਼ ਤੇ ਗੋਡੇ ਟੇਕ ਕੇ ਬੈਠੀ ਸੀ, ਫਿਰ ਇੱਕ ਸੁੰਦਰ ਛੋਟੀ ਲੜਕੀ, ਅਤੇ ਕੁਝ ਹੋਰ ਔਰਤਾਂ। ਅਤੇ

ਉਹ ਗਈਆਂ ਅਤੇ ਉਸ ਲਈ ਪ੍ਰਾਰਥਨਾ ਕੀਤੀ, ਅਤੇ ਇਹ ਦੱਸਿਆ। ਅਤੇ ਉਹ ਬੇਹੋਸ਼ ਸੀ। ਅਤੇ ਉਸਨੂੰ ਕਿਹਾ ਕਿ ਉਹ ਦੁਬਾਰਾ ਉੱਠੇਗੀ। ਅਤੇ ਉਹ ਉੱਠੀ। ਦੋ ਸਾਲ ਬਾਅਦ, ਉਹ ਮਰ ਗਈ। ਅਤੇ ਹੁਣ ਪਰਮੇਸ਼ੁਰ ਸਾਡੀਆਂ ਪ੍ਰਾਰਥਨਾਵਾਂ ਦਾ ਜਵਾਬ ਦਿੰਦਾ ਹੈ।

13 ਅਤੇ ਅਸੀਂ ਜਾਣਦੇ ਹਾਂ ਕਿ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਅਸੀਂ ਸਾਰੇ ਇੱਥੇ ਪਰਮੇਸ਼ੁਰ ਦੀ ਇੱਛਾ ਨਾਲ ਆਏ ਹਾਂ, ਅਤੇ ਅਸੀਂ ਉਸੇ ਤਰ੍ਹਾਂ ਵਾਪਸ ਚਲੇ ਜਾਂਦੇ ਹਾਂ। ਇੱਕ-ਇੱਕ ਕਰਕੇ, ਅਸੀਂ ਸਾਰੇ ਉਸ ਫਾਟਕ ਨੂੰ ਪਾਰ ਕਰਾਂਗੇ। ਅਤੇ ਇਸ ਲਈ ਅਸੀਂ ਅੱਜ ਸਵੇਰੇ ਇੱਥੇ ਹਾਂ, ਇਸ ਕ੍ਰਿਸ਼ਚੀਅਨ ਬਿਜ਼ਨਸ ਮੈਨਜ ਦੀ ਸੰਗਤੀ ਵਿੱਚ ਇਕੱਠੇ ਹੋਏ ਹਾਂ, ਇਹਨਾਂ ਚੀਜ਼ਾਂ ਬਾਰੇ ਗੱਲ ਕਰਨ ਲਈ, ਅਤੇ ਉਹਨਾਂ ਲਈ ਤਿਆਰੀ ਕਰਣ ਲਈ, ਕਿਉਂਕਿ ਅਸੀਂ ਜਾਣਦੇ ਹਾਂ ਕਿ ਉਹਨਾਂ ਦੇ ਹੋਣਾ ਲਾਜਮੀ ਹੈ।

14 ਹੁਣ ਭੈਣ ਫਲੋਰੈਂਸ ਇੱਕ ਜਵਾਨ ਇਸਤ੍ਰੀ ਹੈ, ਬਿਆਲੀ ਸਾਲਾਂ ਦੀ, ਭਾਈ ਵਿਲੀਅਮਜ਼ ਨੇ ਮੈਨੂੰ ਦੱਸਿਆ, ਅਤੇ ਬਹੁਤ ਹੀ ਜਵਾਨ ਸੀ। ਪਰ ਇਸ ਤੋਂ ਪਹਿਲਾਂ ਉਹ…ਉਹ ਜਾਣਦੀ ਸੀ ਕਿ ਉਸਨੂੰ ਇਹ ਬਿਮਾਰੀ ਹੈ, ਕਿਉਂ, ਮੈਂ ਉਸ ਬਾਰੇ ਦਰਸ਼ਨ ਦੇਖਿਆ ਸੀ, ਅਤੇ ਮੈਨੂੰ ਉਸਦਾ ਨਤੀਜਾ ਦੱਸਿਆ। ਫਿਰ, ਇਹ ਹੋਵੇਗਾ…ਪਰਮੇਸ਼ੁਰ ਇਸ ਬਾਰੇ ਸਭ ਕੁਝ ਜਾਣਦਾ ਹੈ, ਅਤੇ ਉਸ ਨੇ ਜਾਣ ਤੋਂ ਪਹਿਲਾਂ ਯਿਸੂ ਨੂੰ ਕਮਰੇ ਵਿੱਚ ਦੇਖਿਆ ਸੀ। ਅਸੀਂ ਉਸ ਲਈ ਪ੍ਰਾਰਥਨਾ ਨਹੀਂ ਕਰਨੀ ਚਾਹੁੰਦੇ, ਕਿਉਂਕਿ ਅਸੀਂ ਇਹ ਬਹੁਤ ਜਿਆਦਾ ਕਰ ਚੁੱਕੇ ਹਾਂ। ਅਸੀਂ ਸਿਰਫ਼ ਉਸ ਜੀਵਨ ਲਈ ਪਰਮੇਸ਼ੁਰ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ ਜੋ ਸਾਡੇ ਵਿਚਕਾਰ ਸੀ, ਜਿਸ ਨੇ ਸਾਨੂੰ ਸਾਰਿਆਂ ਨੂੰ ਭੈਣ ਸ਼ਕੇਰੀਅਨ ਦੇ ਰੂਪ ਵਿੱਚ ਪ੍ਰੇਰਿਤ ਕੀਤਾ।

15 ਅਤੇ ਅਸੀਂ ਭਾਈ ਡੈਮੋਸ, ਭੈਣ ਰੋਜ਼ ਲਈ ਪ੍ਰਾਰਥਨਾ ਕਰਨੀ ਚਾਹੁੰਦੇ ਹਾਂ। ਅਤੇ ਯਾਦ ਰੱਖਣਾ, ਉਹਨਾਂ ਦੀ ਜ਼ਿੰਦਗੀ ਵਿੱਚ, ਇੱਕ ਭਿਆਨਕ ਡਾਢੀ ਸੱਟ ਵੱਜੀ ਹੈ, ਆਖਰਕਾਰ…ਉਹ ਉਸਦਾ ਪਿਤਾ ਹੈ, ਅਤੇ ਉਸਦੀ ਭੈਣ ਹੁਣ ਆਪਣੇ…ਪਿਛਲੇ ਸਾਲਾਂ ਵਿੱਚ। [ਕੋਈ ਭਾਈ ਬ੍ਰਨਹਾਮ ਨਾਲ ਗੱਲ ਕਰਦਾ ਹੈ—ਸੰਪਾ.] ਪਰ, ਅਤੇ, ਹਾਂ, ਦੱਸ ਤੋਂ ਘੱਟ…ਘੱਟ, ਦਸ ਮਹੀਨੇ; ਅਤੇ ਭੈਣ—ਭੈਣ ਐਡਨਾ, ਵੀ।

16 ਇਸ ਲਈ, ਮੈਂ ਜਾਣਦਾ ਹਾਂ ਕਿ ਮੈਨੂੰ ਭਾਈ ਡੈਮੋਸ ਨਾਲ ਕਿੰਨੀ ਹਮਦਰਦੀ ਹੈ। ਮੇਰਾ ਇੱਕ ਪਿਤਾ, ਭਰਾ, ਪਤਨੀ ਅਤੇ ਬੱਚਾ ਸੀ, ਜੋ ਕੁਝ ਦਿਨਾਂ ਦੇ ਅੰਦਰ-ਅੰਦਰ ਤੁਰ ਗਏ ਸੀ, ਇਸ ਲਈ ਮੈਨੂੰ—ਮੈਨੂੰ ਪਤਾ ਹੈ ਕਿ ਉਹ ਅੱਜ ਸਵੇਰੇ ਕਿਵੇਂ ਮਹਿਸੂਸ ਕਰ ਰਹੇ ਹਨ। ਤੁਸੀਂ ਉਦੋਂ ਹੀ ਜਾਣ ਸਕਦੇ ਹੋ ਜੇ ਤੁਸੀਂ ਉਨ੍ਹਾਂ

ਦੀ ਜਗ੍ਹਾ ਤੇ ਖੜ੍ਹੇ ਹੋਵੋ, ਉਦੋਂ ਹੀ ਤੁਸੀਂ ਸਮਝ ਸਕਦੇ ਹੋ ਕਿ ਹਮਦਰਦੀ ਕਿਵੇਂ ਕਰਨੀ ਹੈ। ਅਤੇ...

17 [ਸਾਊਂਡ ਸਿਸਟਮ ਚੀਕਦਾ ਹੈ—ਸੰਪਾ.] ਮੈਂ ਇਹ ਖੁਦ ਕੀਤਾ। ਮੈਨੂੰ ਮਾਫ਼ ਕਰਨਾ। ਮੈਂ ਆਪਣੇ ਹੱਥ ਨਾਲ, ਇੱਥੇ ਕਿਤੇ ਛੋਟੇ ਜਿਹੇ ਯੰਤਰ ਨੂੰ ਹਿਲਾ ਦਿੱਤਾ ਸੀ। ਇਸ ਲਈ ਮੈਨੂੰ—ਮੈਨੂੰ ਮਾਫ ਕਰਨਾ ਕਿ ਮੈਂ ਇਸਦੀ ਅਵਾਜ ਉੱਚੀ ਕਰ ਦਿੱਤੀ, ਅਤੇ ਕਰਨਾ ਨਹੀਂ ਚਾਹੁੰਦਾ ਸੀ।

18 ਇਸ ਲਈ ਆਓ ਹੁਣ ਖੜ੍ਹੇ ਹੋਈਏ ਜਦ ਅਸੀਂ...ਜੇ ਤੁਸੀਂ ਹੋ ਸਕਦੇ ਹੋ ਤਾਂ, ਜੇ ਇਹ...ਤਾਂ ਆਓ ਆਪਣੇ ਸਿਰ ਝੁਕਾਈਏ।

19 ਸਵਰਗੀ ਪਿਤਾ, ਅਸੀਂ ਅੱਜ ਸਵੇਰੇ ਇੱਥੇ ਤੁਹਾਡੀ ਅਰਾਧਨਾ ਕਰਨ ਲਈ ਇਕੱਠੇ ਹੋਏ ਹਾਂ, ਅਤੇ ਤੁਹਾਡਾ ਧੰਨਵਾਦ ਅਤੇ ਤੁਹਾਡੀ ਉਸਤਤ ਕਰਨ ਲਈ, ਕਿ ਤੁਸੀਂ ਯਿਸੂ ਸਾਡੇ ਮੁਕਤੀਦਾਤਾ ਨੂੰ ਭੇਜਿਆ, ਤਾਂ ਜੋ ਇਸ ਜੀਵਨ ਦੇ ਖਤਮ ਹੋਣ ਤੋਂ ਬਾਅਦ ਸਾਡੇ ਕੋਲ ਇੱਕ ਆਸ ਹੋਵੇ, ਇਹ ਦੇਖਦੇ ਹੋਏ ਕਿ ਇਹ ਇੰਨਾ ਅਨਿਸ਼ਚਿਤ ਹੈ ਕਿ ਅਸੀਂ ਇੱਥੇ ਹਮੇਸ਼ਾ ਲਈ ਰਹੀਏ। ਅਤੇ, ਪਿਤਾ, ਇਹ ਵੇਖਣਾ ਕਿ ਇਹ ਸ਼ਰੀਰ ਕਿੰਨੇ ਮਾੜੇ ਹਾਲਾਤਾਂ ਵਿੱਚ ਆ ਸਕਦੇ ਹਨ, ਅਸੀਂ ਖੁਸ਼ ਹਾਂ ਕਿ ਸਾਨੂੰ ਹਮੇਸ਼ਾ ਲਈ ਇੱਥੇ ਨਹੀਂ ਰਹਿਣਾ ਪਵੇਗਾ। ਤੁਸੀਂ ਮੌਤ ਦੀ ਘਾਟੀ ਵਿੱਚੋਂ ਨਿਕਲਣ ਦਾ, ਇੱਕ ਰਾਹ ਬਣਾਇਆ ਹੈ।

20 ਅਤੇ, ਪਿਤਾ, ਅਸੀਂ ਅੱਜ ਸਵੇਰੇ ਤੁਹਾਡੇ ਲਈ ਸ਼ੁਕਰਗੁਜ਼ਾਰ ਹਾਂ, ਉਸ ਵਿਅਕਤੀ ਦੀ ਜ਼ਿੰਦਗੀ ਲਈ ਜੋ ਸਾਡੇ ਨਾਲ ਖੜ੍ਹੀ ਰਹੀ ਸੀ, ਇੱਕ ਸਾਲ ਤੋਂ ਵੀ ਘੱਟ ਸਮਾਂ ਪਹਿਲਾਂ, ਭੈਣ ਫਲੋਰੈਂਸ ਸ਼ਕੇਰੀਅਨ, ਤੁਹਾਡੀ ਉਸਤਤ ਗਾ ਰਹੀ ਸੀ, ਜਿਵੇਂ ਕਿ ਅਸੀਂ ਉਸਨੂੰ ਜਾਣਦੇ ਸੀ। ਅਤੇ ਤੁਸੀਂ ਸਾਨੂੰ ਬਹੁਤ ਪਹਿਲਾਂ ਦੱਸਿਆ ਸੀ, ਇੱਥੋਂ ਤੱਕ ਕਿ ਸਾਲਾਂ ਪਹਿਲਾਂ, ਕਿ ਇਹ ਹੋਣ ਵਾਲਾ ਸੀ, ਤਾਂ ਜੋ ਇਹ ਸਾਡੇ ਲਈ ਬਹੁਤ ਜ਼ਿਆਦਾ ਸਦਮਾ ਨਾ ਹੋਵੇ। ਅਤੇ ਅਸੀਂ ਜਾਣਦੇ ਹਾਂ ਕਿ ਜੋ ਤੁਸੀਂ ਕਹਿੰਦੇ ਹੋ ਉਹ ਸੱਚ ਹੈ। ਅਤੇ ਫਿਰ ਤੁਹਾਡਾ ਵਚਨ ਕਹਿੰਦਾ ਹੈ, "ਆਦਮੀ ਜੋ ਤੀਵੀਂ ਤੋਂ ਜੰਮਦਾ ਹੈ, ਥੋੜਿਆਂ ਦਿਨਾਂ ਦਾ ਹੈ ਅਤੇ ਬਿਪਤਾ ਨਾਲ ਭਰਿਆ ਹੋਇਆ ਹੈ।" ਅਸੀਂ ਜਾਣਦੇ ਹਾਂ ਕਿ ਇਹ, ਵੀ, ਸੱਚ ਹੈ ਪ੍ਰਭੂ। ਅਸੀਂ ਜਾਣਦੇ ਹਾਂ ਕਿ ਅਸੀਂ ਸਾਰਿਆਂ ਨੇ ਉਸ ਘਾਟੀ ਵਿੱਚੋਂ ਲੰਘ ਕੇ ਜਾਣਾ ਹੀ ਹੈ। ਇਸ ਲਈ ਅਸੀਂ ਉਸ ਦੇ ਜੀਵਨ ਲਈ ਤੁਹਾਡਾ ਧੰਨਵਾਦ ਕਰਦੇ ਹਾਂ ਜੋ ਇੱਥੇ ਧਰਤੀ ਉੱਤੇ ਸੀ। ਅਤੇ ਵਿਸ਼ਵਾਸ ਨਾਲ ਵਿਸ਼ਵਾਸ ਕਰਦੇ ਹਾਂ, ਕਿ ਹੁਣ, ਅੱਜ ਸਵੇਰੇ, ਉਹ ਇਸ ਦੁਖ ਦੇ ਘਰ ਵਿੱਚੋਂ ਲੰਘ ਕੇ, ਇੱਕ ਮਹਿਮਾਮਈ ਸਰੀਰ ਵਿੱਚ ਚਲੀ ਗਈ ਹੈ ਜੋ ਕਦੇ ਬਿਮਾਰ ਨਹੀਂ ਹੋ ਸਕਦਾ। ਅਤੇ ਉਸਦੀ ਗਾਉਣ ਦੀ ਪ੍ਰਤਿਭਾ, ਅਤੇ ਜੋ ਅਵਾਜ਼ ਉਸ ਦੇ ਕੋਲ ਸੀ, ਅਤੇ ਉਸਦੀ ਆਤਮਾ ਮਸੀਹ

ਦੀ ਕਿਰਪਾ ਨਾਲ ਇੰਨੀ ਭਰਪੂਰ ਸੀ! ਕਿ ਜੇ ਉਹ ਅੱਜ ਸਵੇਰੇ ਵਾਪਸ ਆ ਸਕਦੀ, ਤਾਂ ਉਹ ਕਿਸੇ ਵੀ ਤਰ੍ਹਾਂ ਅਜਿਹਾ ਨਹੀਂ ਕਰੇਗੀ; ਉਸ ਨੂੰ ਇਹ ਸਭ ਵਿੱਚੋਂ ਦੁਬਾਰਾ ਲੰਘਣਾ ਪਵੇਗਾ। ਜੋ, ਹੁਣ ਖਤਮ ਹੋ ਗਿਆ ਹੈ, ਉਹ ਆਪਣੀ ਮਾਂ ਅਤੇ ਆਪਣੇ ਪਿਤਾ ਨਾਲ ਹੈ। ਉਨ੍ਹਾਂ ਨੇ ਆਪਣੀ ਬੱਚੀ ਨੂੰ ਘਰ ਬੁਲਾ ਲਿਆ ਹੈ। ਇਸ ਲਈ, ਅਸੀਂ—ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ।

21 ਅਸੀਂ ਸਾਡੇ ਭਾਈ ਸ਼ਕੇਰੀਅਨ ਦੇ, ਦਿਲਾਸੇ ਲਈ ਵੀ ਪ੍ਰਾਰਥਨਾ ਕਰਨੀ ਚਾਹੁੰਦੇ ਹਾਂ, ਜੋ ਸਾਡਾ ਪਿਆਰਾ ਭਾਈ ਹੈ, ਇਹ ਜਾਣਦੇ ਹੋਏ ਕਿ ਜੋ ਜੀਵਨ ਉਸਨੇ ਬਤੀਤ ਕੀਤਾ ਹੈ, ਅਤੇ ਇਹਨਾਂ ਆਖ਼ਰੀ ਦਿਨਾਂ ਵਿੱਚ ਉਹ ਕਿਸ ਤਰ੍ਹਾਂ ਦੁੱਖ ਝੱਲ ਰਹੇ ਹਨ, ਅਤੇ ਉਹ ਕਿਵੇਂ; ਉਨ੍ਹਾਂ ਨੂੰ ਬੁੱਢਾ ਹੁੰਦੇ ਵੇਖਣਾ, ਅਤੇ ਉਨ੍ਹਾਂ ਦੇ ਵਾਲ ਝੜ ਰਹੇ ਹਨ, ਅਤੇ ਉਸਦੇ ਮੋਢੇ ਝੁਕ ਰਹੇ ਹਨ, ਅਤੇ ਫਿਰ ਵੀ ਪਰਮੇਸ਼ੁਰ ਲਈ ਮੈਦਾਨ ਵਿੱਚ ਰਹਿਣ ਦੀ ਕੋਸ਼ਿਸ਼ ਕਰ ਰਹੇ ਹਨ। ਪਰਮੇਸ਼ੁਰ, ਅੱਜ ਉਸਨੂੰ ਤਾਕਤ ਦਿਓ। ਅਸੀਂ ਪ੍ਰਾਰਥਨਾ ਕਰਦੇ ਹਾਂ, ਪਰਮੇਸ਼ੁਰ, ਕਿ ਤੁਸੀਂ ਇਸ ਨੂੰ ਦਿਓਗੇ। ਉਨ੍ਹਾਂ ਸਾਰਿਆਂ ਲਈ ਜੋ ਉਸ ਦੇ ਤੁਰ ਜਾਣ ਕਰਕੇ ਸੋਗ ਵਿੱਚ ਹਨ, ਅਸੀਂ ਹਰੇਕ ਲਈ ਪ੍ਰਾਰਥਨਾ ਕਰਦੇ ਹਾਂ।

22 ਅਤੇ ਸਾਨੂੰ, ਪ੍ਰਭੂ, ਜਿਵੇਂ ਅਸੀਂ ਇਹ ਸੋਚ ਰਹੇ ਹਾਂ, ਯਾਦ ਰਹੇ ਕਿ ਅਸੀਂ ਵੀ ਕਿਸੇ ਦਿਨ ਜਾਣਾ ਹੈ। ਜਦੋਂ ਅਸੀਂ ਇੱਥੇ ਪ੍ਰਭੂ ਯਿਸੂ ਦੀ ਹਜ਼ੂਰੀ ਵਿੱਚ ਇਕੱਠੇ ਬੈਠੇ ਹਾਂ, ਅਸੀਂ ਮੰਗ ਕਰਦੇ ਹਾਂ ਕਿ ਤੁਸੀਂ ਇਸ ਨੂੰ ਸਾਡੀ ਯਾਦ ਵਿੱਚ ਤਾਜ਼ਾ ਕਰੋਗੇ। ਅਤੇ ਅਸੀਂ ਇਸ ਨੂੰ ਜਾਂਚੀਏ, ਜਿਵੇਂ ਕਿ ਇਹ ਸੀ, ਜਾਂ ਆਪਣੀ ਖੁਦ ਦੀ ਜ਼ਿੰਦਗੀ ਦਾ ਹਿਸਾਬ ਬਣਾਈਏ, ਕਿ ਅਸੀਂ ਲਹੂ ਦੇ ਹੇਠ ਅਤੇ ਵਿਸ਼ਵਾਸ ਵਿੱਚ ਹਾਂ। ਇਹ ਬਖਸ਼ ਦਿਓ, ਪ੍ਰਭੂ।

23 ਹੁਣ ਜਦ ਮੈਂ ਇਨ੍ਹਾਂ ਹਾਲਾਤਾਂ ਵਿੱਚ ਲੋਕਾਂ ਲਈ ਇੱਕ ਛੋਟਾ ਜਿਹਾ ਸੰਦੇਸ਼ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਅੱਜ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਮੇਰੀ ਮਦਦ ਕਰੋ, ਪ੍ਰਭੂ। ਮੈਨੂੰ ਮਜ਼ਬੂਤ ਕਰੋ, ਕਿਉਂਕਿ ਮੈਨੂੰ—ਮੈਨੂੰ—ਮੈਨੂੰ ਇਸਦੀ ਲੋੜ ਹੈ, ਪ੍ਰਭੂ। ਅਤੇ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਇਹ ਕਰੋਗੇ। ਅਤੇ ਕੁਝ ਅਜਿਹਾ ਕਿਹਾ ਜਾ ਸਕੇ ਜਿਸ ਨਾਲ ਤੁਹਾਡਾ ਸਨਮਾਨ ਹੋਵੇ। ਅਤੇ ਜੇ ਅੱਜ ਸਵੇਰੇ ਸਾਡੀ ਅਵਾਜ਼ ਦੇ ਹੇਠਾਂ ਕੋਈ ਹੈ, ਜੋ ਉਸ ਘੜੀ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੈ ਜੋ ਉਨ੍ਹਾਂ ਦੇ ਸਾਮ੍ਹਣੇ ਪਈ ਹੈ, ਹੋਣ ਦੇ ਕਿ ਇਹ ਉਹ ਸਮਾਂ ਹੋਵੇ ਜਦੋਂ ਉਹ ਉਸ ਨੂੰ ਸਮਰਪਣ ਕਰ ਦੇਣ ਜਿਸ ਨੇ ਕਿਹਾ ਸੀ, "ਰਾਹ, ਅਤੇ ਸਚਿਆਈ, ਅਤੇ ਜੀਵਨ ਮੈਂ ਹਾਂ," ਜੋ ਸਾਡਾ ਪ੍ਰਭੂ ਯਿਸੂ ਮਸੀਹ ਹੈ। ਕਿਉਂਕਿ ਅਸੀਂ ਇਸ ਨੂੰ ਉਸਦੇ ਨਾਮ ਵਿੱਚ ਮੰਗਦੇ ਹਾਂ। ਆਮੀਨ। (ਤੁਸੀਂ ਬੈਠ ਸਕਦੇ ਹੋ।)

24 [ਮੰਚ ਉੱਤੇ ਕੋਈ ਭਾਈ ਬ੍ਰਨਹਾਮ ਨਾਲ ਗੱਲ ਕਰਦਾ ਹੈ—ਸੰਪਾ.] ਇਹ ਭਾਈ ਜਾਣਨਾ ਚਾਹੁੰਦਾ ਹੈ ਕਿ ਕੀ ਹਰ ਕਿਸੇ ਨੂੰ ਚੰਗੀ ਤਰ੍ਹਾਂ ਸੁਣ ਰਿਹਾ ਹੈ। ਉਸ ਨੇ ਦੋ ਮਾਈਕ ਚਲਾਏ ਹਨ। ਕੀ ਇਹ ਸਭ ਠੀਕ ਹੈ? ਕੀ ਤੁਸੀਂ ਸੁਣ ਸਕਦੇ ਹੋ? ਜੇ ਸੁਣ ਸਕਦੇ ਹੋ ਤਾਂ ਆਪਣੇ ਹੱਥ ਉਠਾਓ। ਕੀ ਤੁਸੀਂ ਸੁਣ ਸਕਦੇ ਹੋ? ਆਪਣੇ ਹੱਥ ਉਠਾਓ। ਠੀਕ ਹੈ।

25 ਮੈਨੂੰ ਅਫ਼ਸੋਸ ਹੈ ਕਿ ਅੱਜ ਸਵੇਰੇ ਸਾਡੇ ਕੋਲ ਸਾਰਿਆਂ ਲਈ ਬੈਠਣ ਲਈ ਜਗ੍ਹਾ ਨਹੀਂ ਹੈ। ਅਤੇ ਸਾਨੂੰ ਭਰੋਸਾ ਹੈ ਕਿ ਮੈਂ ਇੱਥੇ ਜ਼ਿਆਦਾ ਦੇਰ ਤੱਕ ਨਹੀਂ ਰੁਕਾਂਗਾ, ਬਸ ਇੰਨਾ ਕੁ ਚਿਰ ਕਿ ਸਾਡੇ ਲਈ ਵਚਨ ਪੜ੍ਹਿਆ ਜਾ ਸਕੇ; ਕਿ ਪ੍ਰਭੂ ਪਰਮੇਸ਼ੁਰ ਆਪਣੇ ਵਚਨ ਦਾ ਆਦਰ ਕਰੇਗਾ ਜੋ ਪੜ੍ਹਿਆ ਜਾ ਰਿਹਾ ਹੈ, ਅਤੇ ਸਾਨੂੰ ਆਪਣੀ ਕਿਰਪਾ ਵਿੱਚੋਂ ਦੇਵੇ, ਤਾਂ ਜੋ ਅਸੀਂ ਇਸ ਦੁਆਰਾ ਉਸਦੀ ਸੇਵਾ ਕਰ ਸਕੀਏ।

26 ਹੁਣ ਮੈਨੂੰ ਬਿਲੀ ਪੌਲ ਵੱਲੋਂ ਦੱਸਿਆ ਗਿਆ ਸੀ, ਅੱਜ ਸਵੇਰੇ, ਕਿ ਇਹ ਸੰਭਵ ਹੈ ਕਿ ਅਸੀਂ ਅਗਲੇ ਐਤਵਾਰ ਨੂੰ ਟਯੂਸਾਨ ਵਿੱਚ, ਗ੍ਰਾਂਟਵੇਅ ਅਸੈਂਬਲੀ ਆਫ਼ ਗੋਡ ਵਿੱਚ ਬੋਲ ਰਹੇ ਹੋਵਾਂਗੇ। ਜੇਕਰ ਇੱਥੇ ਟਯੂਸਾਨ ਤੋਂ ਕੋਈ ਹੈ, ਤਾਂ ਹੋ ਸਕਦਾ ਹੈ ਕਿ ਮੈਂ ਇਸ ਹਫ਼ਤੇ ਤੁਹਾਨੂੰ ਨਾ ਮਿਲਾਂ। ਮੈਂ ਅਗਲੇ ਐਤਵਾਰ, ਗ੍ਰਾਂਟਵੇਅ ਅਸੈਂਬਲੀ ਆਫ਼ ਗੋਡ ਵਿੱਚ ਹੋਵਾਂਗਾ।

27 ਇਸ ਲਈ ਹੁਣ ਅਸੀਂ ਹਾਲ ਹੀ ਵਿੱਚ ਪੂਰਬ ਤੋਂ ਵਾਪਸ ਆਏ ਹਾਂ, ਅਤੇ ਮੈਂ ਆਪਣੇ ਆਪ ਨੂੰ ਥੋੜਾ ਜਿਹਾ ਬਿਮਾਰ ਕਰ ਲਿਆ ਹੈ, ਬਹੁਤ ਜ਼ਿਆਦਾ ਖਾਣ ਨਾਲ, ਪਹਾੜਾਂ ਵਿੱਚ ਲੋਕਾਂ ਦੀ ਹਦੋਂ ਵੱਧ ਮੇਹਰਬਾਨੀ ਕਰਕੇ। ਅਤੇ—ਅਤੇ ਮੈਂ ਬਿਮਾਰ ਹੋ ਗਿਆ, ਇਸ ਲਈ ਮੈਂ ਇਸ ਹਫ਼ਤੇ ਚੰਗਾ ਮਹਿਸੂਸ ਨਹੀਂ ਕੀਤਾ। ਇਸ ਲਈ, ਤੁਸੀਂ ਮੇਰੇ ਲਈ ਪ੍ਰਾਰਥਨਾ ਕਰੋ। ਅਤੇ…

28 [ਕੋਈ ਕਹਿੰਦਾ ਹੈ, "ਬਹੁਤ ਜ਼ਿਆਦਾ ਔਪੋਸਮ।"—ਸੰਪਾ.] ਤੁਸੀਂ ਕੀ ਕਿਹਾ? ["ਬਹੁਤ ਜ਼ਿਆਦਾ ਔਪੋਸਮ।"] ਭਾਈ ਕਾਰਲ ਵਿਲੀਅਮਜ਼ ਆਪਣੀ ਹਾਸੇ ਦੀ ਭਾਵਨਾ ਨਾਲ, ਅਤੇ ਮੈਨੂੰ ਲਗਦਾ ਹੈ ਕਿ ਸਾਨੂੰ ਇਸ ਸਮੇਂ ਇਸਦੀ ਲੋੜ ਹੈ, ਉਸਨੇ ਕਿਹਾ, "ਬਹੁਤ ਜ਼ਿਆਦਾ ਔਪੋਸਮ।" ਮੈਨੂੰ ਇਸ ਬਾਰੇ ਨਹੀਂ ਪਤਾ, ਭਾਈ ਕਾਰਲ, ਪਰ ਬਹੁਤ ਸਾਰੀਆਂ ਗਿਲਹਰੀਆਂ।

29 ਜੇ ਤੁਸੀਂ ਅੱਜ ਸਵੇਰੇ ਕਿਸੇ ਲਈ ਪ੍ਰਾਰਥਨਾ ਕਰਨਾ ਚਾਹੁੰਦੇ ਹੋ, ਤਾਂ ਕਿਉਂ, ਮੈਂ—ਮੈਂ ਨਿਸ਼ਚਤ ਤੌਰ ਤੇ ਇਸਦੀ ਸਰਾਹਣਾ ਕਰਾਂਗਾ ਜੇ ਤੁਹਾਡੀਆਂ ਕੁਝ ਪ੍ਰਾਰਥਨਾਵਾਂ ਮੇਰੇ ਲਈ ਹੋਣਗੀਆਂ, ਕਿਉਂਕਿ ਮੈਨੂੰ—ਮੈਨੂੰ ਇਸ ਦੀ ਲੋੜ ਹੈ।

ਹੁਣ ਅਸੀਂ ਤੁਰੰਤ ਵਚਨ ਵਿੱਚ ਜਾਣਾ ਚਾਹੁੰਦੇ ਹਾਂ।

30 ਅਤੇ ਮੈਂ ਤੁਹਾਨੂੰ ਇੱਥੇ ਜ਼ਿਆਦਾ ਦੇਰ ਨਹੀਂ ਰੱਖਣਾ ਚਾਹੁੰਦਾ, ਕਿਉਂਕਿ ਮੇਰਾ ਮੰਨਣਾ ਹੈ ਕਿ ਅੱਜ ਸਵੇਰੇ ਦੇਸ਼ ਭਰ ਵਿੱਚ, ਬਹੁਤ ਸਾਰੇ ਲੋਕ ਟੈਲੀਫੋਨ ਰਾਹੀਂ ਜੁੜੇ ਹੋਏ ਹਨ, ਪ੍ਰਸਾਰਣ ਪੱਛਮੀ ਤੱਟ ਤੋਂ ਪੂਰਬੀ ਤੱਟ ਤੱਕ, ਉੱਤਰੀ ਅਤੇ ਦੱਖਣ ਤੋਂ ਸਾਰੇ ਪਾਸੇ ਜਾਂਦਾ ਹੈ। ਬਹੁਤ ਸਾਰੀਆਂ, ਬਹੁਤ ਸਾਰੀਆਂ ਅਸੈਂਬਲੀਆਂ ਨੇ ਇਹ ਇੰਤਜਾਮ ਕੀਤਾ ਹੈ ਜਿਵੇਂ ਤੁਸੀਂ ਸਾਰਿਆਂ ਨੂੰ ਇੱਥੇ ਡੇਰੇ ਵਿੱਚ ਕੀਤਾ ਸੀ। ਇਹ ਫੀਨਿਕਸ ਵਿੱਚ ਵੀ ਜਾ ਰਿਹਾ ਹੈ, ਜਿੱਥੇ ਵੀ ਸਭਾਵਾਂ ਹੋ ਰਹੀਆਂ ਹਨ, ਇਹ ਸਿੱਧੇ ਆਉਂਦੀ ਹੈ...ਅਤੇ ਉਹ ਗਿਰਜਿਆਂ ਅਤੇ ਘਰਾਂ ਵਿੱਚ ਇਕੱਠੇ ਹੁੰਦੇ ਹਨ, ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ, ਇੱਕ ਬਹੁਤ ਹੀ ਵਧੀਆ ਤਰੰਗ ਰਾਹੀਂ। ਉਹ ਕਹਿੰਦੇ ਹਨ ਕਿ ਇਹ ਪ੍ਰਸਾਰਣ ਨਾਲੋਂ ਵੀ ਵਧੀਆ ਹੈ। ਇਹ ਟੈਲੀਫ਼ੋਨ ਸੰਪਰਕ ਹੈ, ਉਹ ਕਮਰੇ ਵਿੱਚ, ਇੱਕ ਰਿਸੀਵਰ ਜਾਂ ਮਾਈਕ੍ਰੋਫ਼ੋਨ ਰੱਖ ਦਿੰਦੇ ਹਨ, ਜਾਂ ਜੋ ਵੀ ਇਹ ਹੈ। ਅਤੇ ਉਹ... ਮੇਰੀ ਪਤਨੀ ਨੇ ਦੱਸਿਆ, ਜੋ ਪਿਛਲੇ ਹਫ਼ਤੇ ਇੰਡੀਆਨਾ ਤੋਂ, ਟਯੂਸਾਨ ਆਈ ਸੀ, ਇਹ ਬਿਲਕੁਲ ਉਸੇ ਤਰ੍ਹਾਂ ਸੀ ਜਿਵੇਂ ਕਮਰੇ ਵਿੱਚ ਖੜ੍ਹੇ ਹਾਂ। ਇਸ ਲਈ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਪਰਮੇਸ਼ੁਰ ਉਨ੍ਹਾਂ ਨੂੰ ਅਸੀਸ ਦਵੇ ਜੋ ਟੈਲੀਫੋਨ ਲਾਈਨ ਤੇ ਹਨ, ਉਹ ਜਿੱਥੇ ਕਿਤੇ ਵੀ ਹੋਣ। ਨਿਊਯਾਰਕ ਵਿੱਚ ਹੁਣ ਇਹ, ਔਹ, ਦੁਪਹਿਰ ਹੋਵੇਗੀ, ਅਤੇ ਜਦੋਂ ਇਹ ਦੇਸ਼ਾਂ ਵਿੱਚ ਜਾਵੇਗਾ ਤਾਂ ਵੱਖ-ਵੱਖ ਸਮੇਂ ਹੋਣਗੇ।

31 ਹੁਣ ਰੋਮੀਆਂ ਦੀ ਪੁਸਤਕ ਵਿੱਚ, 12ਵਾਂ ਅਧਿਆਇ, ਪਹਿਲੀ ਅਤੇ ਦੂਜੀ ਆਇਤ, ਅਸੀਂ ਲਿਖਤਾਂ ਨੂੰ ਪੜ੍ਹਨਾ ਚਾਹੁੰਦੇ—ਚਾਹੁੰਦੇ ਹਾਂ।

> *ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ, ਕਿ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ, ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ।*
>
> *ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ: ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ, ਤਾਂ ਜੋ ਤੁਸੀਂ ਸਿਆਣ ਲਵੋ ਕਿ ਪਰਮੇਸ਼ੁਰ ਦੀ ਚੰਗੀ, ਅਤੇ ਸੰਪੂਰਣ*...ਚੰਗੀ, *ਅਤੇ ਮਨ ਭਾਉਂਦੀ, ਅਤੇ ਸੰਪੂਰਣ, ਇੱਛਿਆ ਕੀ ਹੈ।*

32 ਹੁਣ, ਜੇ ਪ੍ਰਭੂ ਦੀ ਇੱਛਾ ਹੋਈ, ਤਾਂ ਮੈਂ ਅੱਜ ਸਵੇਰ ਲਈ ਆਪਣਾ ਵਿਸ਼ਾ ਲੈਣਾ ਚਾਹੁੰਦਾ ਹਾਂ, ਇਸ ਤੇ: *ਰੂਪਾਂਤਰਣ ਦੇ ਲਈ ਪਰਮੇਸ਼ੁਰ ਦੀ ਸ਼ਕਤੀ।*

> ਤਾਂ ਜੋ ਤੁਸੀਂ *ਇਸ ਜੁੱਗ ਦੇ ਰੂਪ ਜੇਹੇ ਨਾ ਬਣੋ: ਸਗੋਂ...ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ,* ਹੁਣ,

ਅਤੇ *ਸਿਆਣ* ਲਵੋ ਕਿ *ਪਰਮੇਸ਼ੁਰ ਦੀ ਚੰਗੀ*, ਸੰਪੂਰਣ ਅਤੇ ਮਨ ਭਾਉਂਦੀ, *ਇੱਛਿਆ ਕੀ ਹੈ।*

33 ਇਹ ਇੱਕ ਪੁਰਾਣਾ ਜਾਣਿਆ-ਪਛਾਣਿਆ ਵਿਸ਼ਾ ਹੈ ਜੋ ਤੁਹਾਡੇ ਬਹੁਤ ਸਾਰੇ ਪਾਸਟਰ ਆਪਣੇ ਸਮੇਂ ਦੌਰਾਨ ਵਰਤ ਚੁੱਕੇ ਹਨ। ਇਹ ਉਦੋਂ ਤੋਂ ਵਰਤਿਆ ਜਾ ਰਿਹਾ ਹੈ ਜਦੋਂ ਤੋਂ ਇਹ ਲਿਖਿਆ ਗਿਆ ਸੀ। ਪਰ ਫਿਰ ਵੀ, ਪਰਮੇਸ਼ੁਰ ਦੇ ਵਚਨ ਬਾਰੇ ਇੱਕ ਗੱਲ ਹੈ, ਇਹ ਕਦੇ ਵੀ ਪੁਰਾਣਾ ਨਹੀਂ ਹੁੰਦਾ, ਕਿਉਂਕਿ ਇਹ ਪਰਮੇਸ਼ੁਰ ਹੈ। ਇਹ ਕਦੇ ਵੀ ਪੁਰਾਣਾ ਨਹੀਂ ਹੁੰਦਾ। ਹੁਣ ਹਰ ਪੀੜ੍ਹੀ ਵਿੱਚੋਂ, ਲਗਭਗ, ਅੱਠਾਈ ਸੌ ਸਾਲਾਂ ਲਈ, ਜਾਂ ਇਸ ਤੋਂ ਵੀ ਵੱਧ, ਪਰਮੇਸ਼ੁਰ ਦਾ ਇਹ ਵਚਨ ਮਨੁੱਖਾਂ, ਜਾਜਕਾਂ ਅਤੇ ਬਥੇਰਿਆਂ ਦੁਆਰਾ ਪੜ੍ਹਿਆ ਗਿਆ ਹੈ, ਅਤੇ ਇਹ ਕਦੇ ਵੀ ਪੁਰਾਣਾ ਨਹੀਂ ਹੁੰਦਾ। ਮੈਂ ਇਸ ਨੂੰ, ਆਪ ਵੀ, ਕੁਝ ਪੈਂਤੀ ਕੁ ਸਾਲਾਂ ਤੋਂ ਪੜ੍ਹ ਰਿਹਾ ਹਾਂ। ਅਤੇ ਹਰ ਵਾਰ ਜਦੋਂ ਮੈਂ ਇਸਨੂੰ ਪੜ੍ਹਦਾ ਹਾਂ, ਮੈਨੂੰ ਕੁਝ ਨਵਾਂ ਮਿਲਦਾ ਹੈ ਜਿਸ ਨੂੰ ਮੈਂ ਪਹਿਲੀ ਵਾਰ ਦੇਖਦਾ ਹਾਂ। ਕਿਉਂਕਿ, ਇਹ ਪ੍ਰੇਰਿਤ ਵਚਨ ਹੈ, ਇਹ ਅੱਖਰਾਂ ਦੇ ਰੂਪ ਵਿੱਚ ਪਰਮੇਸ਼ੁਰ ਹੈ। ਦੇਖੋ, ਇਹ ਪਰਮੇਸ਼ੁਰ ਦੇ ਗੁਣ ਬੋਲ ਰਹੇ ਹਨ, ਅਤੇ ਕਾਗਜ਼ ਤੇ ਰੱਖੇ ਗਏ ਹਨ।

34 ਕਈ ਵਾਰ, ਆਦਮੀ ਨੇ ਕਿਹਾ ਹੈ, "ਅੱਛਾ, ਹੁਣ, ਇਹ ਬਾਈਬਲ ਆਦਮੀ ਨੇ ਲਿਖੀ ਹੈ।" ਨਹੀਂ। ਬਾਈਬਲ ਖੁਦ ਹੀ, ਕਹਿੰਦੀ ਹੈ, ਕਿ ਬਾਈਬਲ ਪਰਮੇਸ਼ੁਰ ਨੇ ਲਿਖੀ ਹੈ। ਇਹ ਪਰਮੇਸ਼ੁਰ ਦਾ ਵਚਨ ਹੈ।

35 ਅਤੇ ਇਹ ਕਦੇ ਵੀ ਅਸਫਲ ਨਹੀਂ ਹੋ ਸਕਦਾ। ਯਿਸੂ ਨੇ ਕਿਹਾ, "ਆਕਾਸ਼ ਅਤੇ ਧਰਤੀ ਅਸਫਲ ਹੋ ਜਾਣਗੇ, ਟੱਲ ਜਾਣਗੇ, ਪਰ ਮੇਰੇ ਵਚਨ ਕਦੇ ਵੀ ਅਸਫਲ ਨਹੀਂ ਹੋਣਗੇ।" ਅਤੇ ਇਹ ਅਸਫ਼ਲ ਨਹੀਂ ਹੋ ਸਕਦਾ ਕਿਉਂਕਿ ਉਹ ਪਰਮੇਸ਼ੁਰ ਹੈ, ਕਿਉਂਕਿ ਇਹ ਉਸਦਾ ਹਿੱਸਾ ਹੈ।

36 ਅਤੇ ਫਿਰ ਤੁਸੀਂ ਉਸਦੇ ਪੁੱਤਰ ਅਤੇ ਧੀ ਹੋਣ ਕਾਰਣ, ਤੁਸੀਂ ਇਸਦਾ ਹਿੱਸਾ ਹੋ, ਅਤੇ ਇਹ ਤੁਹਾਨੂੰ ਉਸਦਾ ਇੱਕ ਹਿੱਸਾ ਬਣਾਉਂਦਾ ਹੈ। ਇਸੇ ਕਰਕੇ ਅਸੀਂ ਪਰਮੇਸ਼ੁਰ ਦੇ ਬਚਨ ਦੇ ਆਲੇ-ਦੁਆਲੇ ਇਕੱਠੇ ਸੰਗਤੀ ਕਰਨ ਲਈ ਆਉਂਦੇ ਹਾਂ।

37 ਹੁਣ ਇਹ ਸ਼ਬਦ *ਰੂਪਾਂਤਰਿਤ*, ਮੈਂ ਕੱਲ੍ਹ ਸ਼ਬਦਕੋਸ਼ ਵਿੱਚ ਦੇਖਿਆ ਸੀ। ਜਦੋਂ, ਮੈਂ ਲਗਭਗ ਉਸ ਸਮੇਂ ਦਾ ਚੇਤਾ ਭੁਲਾ ਦਿੱਤਾ ਜਿਸ ਵੇਲੇ ਮੈਨੂੰ ਇੱਥੇ ਹੋਣਾ ਚਾਹੀਦਾ ਸੀ, ਜਦੋਂ ਮੈਂ ਇੱਕ ਵਿਸ਼ੇ ਦੀ ਭਾਲ ਕਰ ਰਿਹਾ ਸੀ, ਅਤੇ ਮੈਨੂੰ ਇਹ ਸ਼ਬਦ, ਜਾਂ ਇਹ ਵਿਸ਼ਾ, ਸਗੋਂ, ਇਹ ਲਿਖਤ ਮਿਲੀ। ਅਤੇ ਸ਼ਬਦਕੋਸ਼ ਵਿੱਚ ਇਹ ਕਹਿੰਦਾ ਹੈ ਕਿ ਇਹ "ਕੁਝ ਅਜਿਹਾ ਹੈ ਜੋ ਬਦਲ ਗਿਆ ਹੈ।" ਇਹ ਹੈ "ਬਦਲ ਜਾਣਾ।" *ਰੂਪਾਂਤਰਿਤ*, "ਜੋ ਇਹ ਸੀ ਉਸ ਤੋਂ ਕੁਝ ਹੋਰ ਬਣ ਗਿਆ,

ਇਹ ਸੀ…ਇਸਦੀ ਪ੍ਰਕਿਰਤੀ ਅਤੇ ਇਸ ਵਿੱਚ ਸਭ ਕੁਝ ਬਦਲ ਗਿਆ," *ਰੂਪਾਂਤਰਣ ਹੋਣਾ*।

38 ਅਤੇ ਮੈਂ ਅੱਜ ਸਵੇਰੇ ਸੋਚ ਰਿਹਾ ਸੀ, ਉਤਪਤ 1 ਵਿੱਚ। ਇਹ ਸੰਸਾਰ ਬੇਡੌਲ ਸੀ, ਅਤੇ ਇਹ ਸੁੰਨਾ ਸੀ, ਅਤੇ ਧਰਤੀ ਉੱਤੇ ਹਨੇਰਾ ਸੀ; ਅਤੇ ਬੇਤਰਤੀਬੀ ਦੇ ਸਿਵਾਏ ਹੋਰ ਕੁਝ ਨਹੀਂ ਸੀ। ਅਤੇ ਜਦੋਂ ਇਹ ਸੰਸਾਰ ਉਸ ਹਾਲਤ ਵਿੱਚ ਸੀ, ਉਸ ਵੇਲੇ ਪਰਮੇਸ਼ੁਰ ਦਾ ਆਤਮਾ ਪਾਣੀ ਦੇ ਉੱਤੇ ਮੰਡਰਾਉਂਦਾ ਸੀ, ਅਤੇ ਸਾਰੀ ਤਸਵੀਰ ਬਦਲ ਦਿੱਤੀ ਗਈ ਸੀ; ਸਾਰੀ ਬੇਤਰਤੀਬੀ ਤੋਂ, ਅਦਨ ਦੇ ਬਾਗ਼ ਵਿੱਚ। ਇਹ ਹੈ ਪਰਮੇਸ਼ੁਰ ਦੀ ਰੂਪਾਂਤਰਣ ਸ਼ਕਤੀ, ਜੋ ਕਿਸੇ ਚੀਜ ਨੂੰ ਲੈ ਸਕਦੀ ਹੈ ਜੋ ਕੁਝ ਵੀ ਨਹੀਂ ਹੈ ਅਤੇ ਇਸ ਤੋਂ ਕੋਈ ਸ਼ਾਨਦਾਰ ਚੀਜ ਬਣਾ ਸਕਦੀ ਹੈ। ਪਰਮੇਸ਼ੁਰ ਦੀ ਰੂਪਾਂਤਰਣ ਲਈ ਸ਼ਕਤੀ!

39 ਅਤੇ ਲਿਖਤਾਂ ਨੂੰ ਪੜ੍ਹਣ ਤੋਂ, ਅਸੀਂ ਸਮਝਦੇ ਹਾਂ, ਕਿ ਪਰਮੇਸ਼ੁਰ ਨੇ ਅਦਨ ਦੀ ਤਿਆਰੀ ਵਿੱਚ ਛੇ—ਛੇ ਹਜ਼ਾਰ ਸਾਲ ਲਗਾਏ ਸਨ। ਹੁਣ, ਹੋ ਸਕਦਾ ਹੈ ਕਿ ਉਸਨੇ ਇੰਨਾ ਲੰਮਾ ਸਮਾਂ ਨਹੀਂ ਲਿਆ ਸੀ; ਪਰ ਸਿਰਫ ਅੰਦਾਜੇ ਨਾਲ, ਅਤੇ ਇਸ ਨੂੰ ਲਿਖਤਾਂ ਵਿੱਚੋਂ ਲੈ ਕੇ ਜਿੱਥੇ ਇਹ ਕਿਹਾ ਗਿਆ ਹੈ "ਪਰਮੇਸ਼ੁਰ ਦਾ ਇੱਕ ਦਿਨ, ਧਰਤੀ ਉੱਤੇ ਇੱਕ ਹਜ਼ਾਰ ਸਾਲ ਦੇ ਬਰਾਬਰ ਹੈ," ਇਹ ਹੈ, ਜੇ ਪਰਮੇਸ਼ੁਰ ਸਮੇਂ ਦਾ ਹਿਸਾਬ ਰੱਖੇ। ਅਤੇ ਮਨ ਲਵੋ ਕਿ ਉਸ ਨੂੰ ਧਰਤੀ ਬਣਾਉਣ ਵਿੱਚ ਛੇ ਹਜ਼ਾਰ ਸਾਲ ਲੱਗੇ ਸਨ, ਅਤੇ ਉਸਨੇ ਧਰਤੀ ਉੱਤੇ ਸਾਰੇ ਚੰਗੇ ਬੀਜ ਬੀਜੇ ਸਨ। ਉੱਥੇ ਬਸ ਸਭ ਕੁਝ ਸਿੱਧ ਸੀ।

40 ਮੈਂ ਸੋਚਦਾ ਹਾਂ, ਕਈ ਵਾਰ, ਜਦੋਂ ਆਲੋਚਕ ਵੀ ਉਤਪਤ ਦੀ ਕਿਤਾਬ ਨੂੰ ਪੜ੍ਹਨਾ ਸ਼ੁਰੂ ਕਰ ਦਿੰਦੇ ਹਨ, ਉਹ ਇਸਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੰਦੇ ਹਨ, ਕਿਉਂਕਿ ਅਜਿਹਾ ਲਗਦਾ ਹੈ ਕਿ ਇਹ ਲਗਾਤਾਰ ਆਪਣੇ ਆਪ ਨੂੰ ਦੁਹਰਾਉਂਦੀ ਰਹਿੰਦੀ ਹੈ, ਜਾਂ ਤੁਹਾਨੂੰ ਇਧਰ ਅਤੇ ਉਧਰ ਘੁੰਮਾ ਦਿੰਦੀ ਹੈ।

41 ਪਰ ਜੇ ਅਸੀਂ ਆਪਣੇ ਵਿਸ਼ੇ ਵਿੱਚ ਜਾਣ ਤੋਂ ਪਹਿਲਾਂ, ਇੱਕ ਪਲ ਲਈ ਧਿਆਨ ਦੇਈਏ, ਕਿ, ਮੂਸਾ ਨੇ ਉਹ ਦਰਸ਼ਣ ਦੇਖਿਆ ਸੀ। ਅਤੇ ਪਰਮੇਸ਼ੁਰ ਨੇ ਉਸ ਨਾਲ ਗੱਲ ਕੀਤੀ। ਪਰਮੇਸ਼ੁਰ ਨੇ ਮੂਸਾ ਨਾਲ ਆਹਮੋ-ਸਾਹਮਣੇ, ਬੁੱਲ੍ਹਾਂ ਤੋਂ ਕੰਨਾਂ ਤੀਕ ਗੱਲ ਕੀਤੀ। ਹੁਣ, ਉਸਨੇ ਕਦੇ ਵੀ ਕਿਸੇ ਹੋਰ ਆਦਮੀ ਨਾਲ ਇਸ ਤਰ੍ਹਾਂ ਗੱਲ ਨਹੀਂ ਕੀਤੀ, ਜਿਵੇਂ ਉਸਨੇ ਮੂਸਾ ਨਾਲ ਕੀਤੀ ਸੀ। ਹੁਣ, ਮੂਸਾ ਇੱਕ ਮਹਾਨ, ਸਾਰੇ ਮਹਾਨ ਨਬੀਆਂ ਵਿੱਚੋਂ ਇੱਕ ਸੀ। ਉਹ ਇੱਕ ਮਸੀਹ ਦਾ ਨਮੂਨਾ ਸੀ। ਅਤੇ ਹੁਣ ਪਰਮੇਸ਼ੁਰ ਬੋਲ ਸਕਦਾ ਹੈ, ਉਸਦੀ ਇੱਕ ਆਵਾਜ਼ ਹੈ। ਇਸ ਨੂੰ ਸੁਣਿਆ ਗਿਆ ਹੈ। ਪਰਮੇਸ਼ੁਰ ਬੋਲ ਸਕਦਾ ਹੈ।

42 ਅਤੇ ਪਰਮੇਸ਼ੁਰ ਲਿਖ ਸਕਦਾ ਹੈ। ਪਰਮੇਸ਼ੁਰ ਨੇ ਦੱਸ ਹੁਕਮ ਆਪਣੀ ਖੁਦ ਦੀ ਉਂਗਲ ਨਾਲ ਲਿਖੇ ਸਨ। ਉਸ ਨੇ ਇੱਕ ਵਾਰ ਬਾਬਲ ਦੀਆਂ—ਦੀਆਂ ਕੰਧਾਂ ਤੇ ਲਿਖਿਆ, ਉਸਦੀ ਉਂਗਲ ਨਾਲ। ਉਹ ਹੇਠਾਂ ਝੁਕਿਆ ਅਤੇ ਆਪਣੀ ਉਂਗਲੀ ਨਾਲ, ਇੱਕ ਵਾਰ ਰੇਤ ਵਿੱਚ ਲਿਖਿਆ ਸੀ। ਪਰਮੇਸ਼ੁਰ ਬੋਲ ਸਕਦਾ ਹੈ। ਪਰਮੇਸ਼ੁਰ ਪੜ੍ਹ ਸਕਦਾ ਹੈ। ਪਰਮੇਸ਼ੁਰ ਲਿਖ ਸਕਦਾ ਹੈ।

43 ਪਰਮੇਸ਼ੁਰ ਸਾਰੀ ਕਿਰਪਾ ਅਤੇ ਸ਼ਕਤੀ ਦਾ ਸੋਮਾ ਹੈ, ਅਤੇ ਸਾਰਾ ਦੈਵਿਕ ਗਿਆਨ, ਪਰਮੇਸ਼ੁਰ ਵਿੱਚ ਹੈ। ਇਸ ਲਈ, ਇਹ ਜਾਣਦੇ ਹੋਏ, ਕਿ ਕੇਵਲ ਉਹ ਹੀ ਸ੍ਰਿਸ਼ਟੀਕਰਤਾ ਹੈ। ਪਰਮੇਸ਼ੁਰ ਤੋਂ ਬਿਨਾ ਹੋਰ ਕੋਈ ਸ੍ਰਿਸ਼ਟੀਕਰਤਾ ਨਹੀਂ ਹੈ। ਸ਼ਤਾਨ ਰਚਨਾ ਨਹੀਂ ਕਰ ਸਕਦਾ, ਬਿਲਕੁਲ ਵੀ ਨਹੀਂ, ਉਹ ਸਿਰਫ ਉਸ ਚੀਜ਼ ਦਾ ਵਿਗਾੜ ਕਰਦਾ ਹੈ ਜੋ ਰਚਿਆ ਗਿਆ ਹੈ। ਪਰ ਕੇਵਲ ਪਰਮੇਸ਼ੁਰ ਹੀ ਸ੍ਰਿਸ਼ਟੀਕਰਤਾ ਹੈ।

44 ਇਸ ਲਈ, ਉਸਨੇ ਆਪਣੇ ਵਚਨ ਦੁਆਰਾ ਸ੍ਰਿਸ਼ਟੀ ਰਚੀ। ਉਸਨੇ ਆਪਣਾ ਵਚਨ ਭੇਜਿਆ। ਇਸ ਲਈ ਉਹ ਸਾਰੇ ਬੀਜ ਜੋ ਉਸ ਨੇ ਧਰਤੀ ਉੱਤੇ ਰੱਖੇ ਸਨ, ਉਸਨੇ ਉਹਨਾਂ ਬੀਜਾਂ ਨੂੰ ਆਪਣੇ ਬਚਨ ਦੁਆਰਾ ਬਣਾਇਆ, ਕਿਉਂਕਿ ਅਜਿਹਾ ਕੁਝ ਨਹੀਂ ਸੀ ਜਿਸ ਤੋਂ ਬੀਜ ਬਣਾਏ ਜਾ ਸਕਣ। ਉਸਨੇ ਉਨ੍ਹਾਂ ਨੂੰ ਬੀਜਿਆ, ਅਤੇ ਉਹ ਪਾਣੀ ਦੇ ਹੇਠਾਂ ਸਨ। ਉਸਨੇ ਬਸ ਕਿਹਾ, "ਉੱਥੇ *ਇਹ* ਹੋ ਜਾਵੇ, ਅਤੇ ਉੱਥੇ *ਉਹ* ਹੋ ਜਾਵੇ।"

45 ਹੁਣ ਸਾਨੂੰ ਪਤਾ ਚਲਦਾ ਹੈ ਕਿ, ਬਹੁਤ ਵਾਰ, ਇੰਝ ਲੱਗਦਾ ਹੈ ਜਿਵੇਂ ਇਹ ਬਾਈਬਲ ਦੁਹਰਾ ਰਹੀ ਹੈ ਜਾਂ ਕੁਝ ਕਹਿ ਰਹੀ ਹੈ ਜੋ ਇਸ ਨੂੰ ਨਹੀਂ ਕਹਿਣਾ ਚਾਹੀਦਾ। ਉਦਾਹਰਨ ਲਈ, ਉਤਪਤ 1 ਵਿੱਚ ਅਸੀਂ ਵੇਖਦੇ ਹਾਂ ਕਿ, "ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ, ਪਰਮੇਸ਼ੁਰ ਦੇ ਸਰੂਪ ਉੱਤੇ ਉਹ ਨੂੰ ਉਤਪਤ ਕੀਤਾ; ਨਰ ਨਾਰੀ ਉਸ ਨੇ ਉਨ੍ਹਾਂ ਨੂੰ ਉਤਪਤ ਕੀਤਾ।" ਅਤੇ ਫਿਰ ਉਹ ਅੱਗੇ ਵੱਧਦਾ ਹੈ, ਅਤੇ ਧਰਤੀ ਉੱਤੇ ਬਹੁਤ ਸਾਰੀਆਂ ਚੀਜ਼ਾਂ ਹੋਈਆਂ।

46 ਫਿਰ ਸਾਨੂੰ ਪਤਾ ਲੱਗਦਾ ਹੈ, ਜਮੀਨ ਦੇ ਵਾਹੁਣ ਲਈ ਕੋਈ ਆਦਮੀ ਨਹੀਂ ਸੀ। "ਫਿਰ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰੱਚਿਆ।" ਉਹ ਇੱਕ ਵੱਖਰਾ ਆਦਮੀ ਸੀ। "ਅਤੇ ਅਤੇ ਉਸ ਦੀਆਂ ਨਾਸਾਂ ਵਿੱਚ ਜੀਵਣ ਦਾ ਸਾਹ ਫੂਕਿਆ, ਅਤੇ ਉਹ ਜੀਉਂਦੀ ਜਾਨ ਹੋ ਗਿਆ।"

47 ਪਹਿਲਾ ਮਨੁੱਖ ਪਰਮੇਸ਼ੁਰ ਦੇ ਸਰੂਪ ਵਿੱਚ ਸੀ, ਜੋ ਆਤਮਾ ਹੈ। ਯੁਹੰਨਾ 4, ਕਹਿੰਦਾ ਹੈ, "ਪਰਮੇਸ਼ੁਰ ਆਤਮਾ ਹੈ, ਅਤੇ ਜੋ ਉਹ ਦੀ ਭਗਤੀ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਓਹ ਆਤਮਾ ਅਤੇ ਸਚਿਆਈ ਨਾਲ ਭਗਤੀ

ਕਰਨ।" ਪਰ ਪਰਮੇਸ਼ੁਰ ਇੱਕ ਆਤਮਾ ਹੈ। ਅਤੇ ਪਹਿਲਾ ਮਨੁੱਖ, ਜਿਸ ਨੂੰ ਉਸਨੇ ਬਣਾਇਆ, ਆਤਮਾ-ਮਨੁੱਖ ਸੀ, ਅਤੇ ਉਹ ਤਸਵੀਰ ਅਤੇ ਸਰੂਪ ਵਿੱਚ ਪਰਮੇਸ਼ੁਰ ਵਰਗਾ ਸੀ।

48 ਅਤੇ ਫਿਰ ਉਸਨੇ ਇਸ ਮਨੁੱਖ ਨੂੰ ਦੇਹ ਵਿੱਚ ਰੱਖਿਆ, ਅਤੇ ਮਨੁੱਖ ਡਿੱਗ ਗਿਆ। ਇਸ ਲਈ ਪਰਮੇਸ਼ੁਰ ਹੇਠਾਂ ਆਇਆ ਅਤੇ ਮਨੁੱਖ ਦਾ ਰੂਪ ਧਾਰ ਲਿਆ, ਤਾਂ ਜੋ ਉਹ ਉਸ ਡਿੱਗੇ ਹੋਏ ਮਨੁੱਖ ਨੂੰ ਛੁਡਾ ਸਕੇ। ਇਹ ਇੰਜੀਲ ਦੀ ਅਸਲ ਕਹਾਣੀ ਹੈ, ਮੇਰੇ—ਮੇਰੇ ਵਿਚਾਰ ਦੇ ਅਨੁਸਾਰ।

49 ਹੁਣ, ਪਰਮੇਸ਼ੁਰ ਨੇ ਛੇ ਹਜ਼ਾਰ ਸਾਲਾਂ ਵਿੱਚ, ਇਹ ਸਾਰੇ ਸ਼ਾਨਦਾਰ ਬੀਜ ਬੀਜੇ ਸਨ, ਜਾਂ ਉਸਨੇ ਆਪਣਾ ਬਚਨ ਬੋਲਿਆ ਸੀ। "ਇਹ *ਇਸ* ਤਰ੍ਹਾਂ ਹੋਵੇਗਾ। *ਇਹ* ਰੁੱਖ ਹੋਵੇਗਾ। *ਇਹ* ਹੋਵੇਗਾ।" ਸਭ ਕੁਝ ਸੰਪੂਰਣ ਸੀ। ਇਹ ਬਸ ਚੰਗਾ ਸੀ। ਅਤੇ ਉਸਨੇ ਉਨ੍ਹਾਂ ਬੀਜਾਂ ਵਿੱਚੋਂ ਹਰੇਕ ਨੂੰ ਹੁਕਮ ਦਿੱਤਾ ਕਿ ਉਹ, ਉਹ ਆਪਣੇ ਆਪ ਦਾ ਉਸ ਪੌਦੇ ਵਿੱਚ ਰੂਪਾਂਤਰਣ ਕਰਣਗੇ ਜਿਸ ਕਿਸਮ ਦਾ ਜੀਵਨ ਪਰਮੇਸ਼ੁਰ ਦੇ ਬਚਨ ਨੇ ਬੋਲਿਆ ਸੀ ਕਿ ਉਨ੍ਹਾਂ ਵਿੱਚ ਹੋਵੇਗਾ। ਜੇ ਇਹ ਇੱਕ ਬਲੂਤ ਦਾ ਰੁੱਖ ਸੀ, ਤਾਂ ਇਸ ਨੇ ਇੱਕ ਬਲੂਤ ਨੂੰ ਲਿਆਉਣਾ ਸੀ। ਜੇ ਇਹ ਇੱਕ ਤਾੜ ਸੀ, ਤਾਂ ਇਸ ਨੇ ਤਾੜ ਹੀ ਪੈਦਾ ਕਰਨੀ ਸੀ।

50 ਕਿਉਂਕਿ, ਮਹਾਨ ਸ੍ਰਿਸ਼ਟੀਕਰਤਾ ਨੇ ਹਾਲ ਹੀ ਵਿੱਚ ਆਪਣਾ ਬਚਨ ਭੇਜਿਆ ਸੀ, ਅਤੇ ਅਸਲ ਬੀਜ ਬਣਨ ਤੋਂ ਪਹਿਲਾਂ ਸ਼ਬਦ ਬੀਜ ਉੱਥੇ ਸੀ। ਅਤੇ ਬਚਨ ਨੇ ਬੀਜ ਨੂੰ ਸਿਰਜਿਆ। ਦੇਖੋ, "ਉਸਨੇ ਸੰਸਾਰ ਨੂੰ ਉਹਨਾਂ ਚੀਜ਼ਾਂ ਤੋਂ ਬਣਾਇਆ ਜੋ ਦਿਖਾਈ ਨਹੀਂ ਦਿੰਦੀਆਂ।" ਦੇਖੋ, ਉਸਨੇ—ਉਸਨੇ ਆਪਣੇ ਬਚਨ ਦੁਆਰਾ ਸੰਸਾਰ ਨੂੰ ਬਣਾਇਆ ਹੈ। ਪਰਮੇਸ਼ੁਰ ਨੇ ਬੋਲਣ ਦੁਆਰਾ ਸਭ ਕੁਝ ਹੋਂਦ ਵਿੱਚ ਲਿਆਂਦਾ।

51 ਅਤੇ ਉਹ ਪਰਮੇਸ਼ੁਰ, ਸ੍ਰਿਸ਼ਟੀਕਰਤਾ ਹੋਣ ਕਰਕੇ, ਬੋਲ ਕੇ ਸਭ ਕੁਝ ਹੋਂਦ ਵਿੱਚ ਲਿਆ ਰਿਹਾ ਸੀ, ਇਹ ਜਰੂਰ ਇੱਕ ਸਿੱਧ ਸੰਸਾਰ ਰਿਹਾ ਹੋਵੇਗਾ। ਇਹ ਇੱਕ—ਇੱਕ ਸੁੰਦਰ ਜਗ੍ਹਾ ਸੀ। ਇਹ ਇੱਥੇ ਇਸ ਧਰਤੀ ਉੱਤੇ ਇੱਕ—ਇੱਕ ਅਸਲੀ ਖਾਲਸ ਸਵਰਗ ਸੀ।

52 ਹੁਣ, ਜਿਵੇਂ, ਹਰ ਜਗ੍ਹਾ ਦਾ ਕਿਤੇ ਨਾ ਕਿਤੇ ਇੱਕ ਮੁੱਖ ਦਫ਼ਤਰ ਹੁੰਦਾ ਹੈ। ਇਸ ਸੰਮੇਲਨ ਦਾ ਇੱਕ ਮੁੱਖ ਦਫ਼ਤਰ ਹੈ, ਅਤੇ ਇਸ ਅਧਿਆਇ ਦਾ ਇੱਕ ਮੁੱਖ ਦਫ਼ਤਰ ਹੈ, ਅਤੇ ਇੱਕ ਕਲੀਸਿਯਾ ਦਾ ਇੱਕ ਮੁੱਖ ਦਫ਼ਤਰ ਹੁੰਦਾ ਹੈ। ਅਤੇ ਪਰਮੇਸ਼ੁਰ ਦਾ ਇੱਕ ਮੁੱਖ ਦਫ਼ਤਰ ਹੈ। ਅਤੇ ਇਸ ਲਈ ਇਹ ਮਹਾਨ ਸਥਾਨ, ਉਹ ਦੇਸ਼ ਜਿਸ ਵਿੱਚ ਅਸੀਂ ਰਹਿੰਦੇ ਹਾਂ, ਇਸਦਾ ਇੱਕ ਮੁੱਖ ਦਫ਼ਤਰ ਹੈ। ਅਤੇ ਇਸ ਲਈ ਇਸ ਮਹਾਨ ਅਦਨ ਦਾ ਵੀ ਇੱਕ ਮੁੱਖ ਦਫ਼ਤਰ ਸੀ,

ਅਤੇ ਇਸ ਮੁੱਖ ਦਫ਼ਤਰ ਦਾ ਸਿਰ ਅਦਨ ਦੇ ਬਾਗ਼ ਵਿੱਚ, ਜਾਂ ਅਦਨ ਵਿੱਚ, ਬਾਗ਼ ਦੇ ਪੂਰਬ ਵੱਲ ਸੀ।

53 ਅਤੇ ਪਰਮੇਸ਼ੁਰ ਨੇ ਇਸ ਸਥਾਨ ਤੇ, ਧਰਤੀ ਉੱਤੇ ਉਸਦੀ ਸਾਰੀ ਮਹਾਨ ਰਚਨਾ ਤੇ ਰਾਜ ਕਰਨ ਲਈ, ਆਪਣੇ ਪੁੱਤਰ ਅਤੇ ਆਪਣੇ ਪੁੱਤਰ ਦੀ ਪਤਨੀ ਨੂੰ ਰੱਖਿਆ, ਜੋ ਆਦਮ ਅਤੇ ਹੱਵਾ ਸਨ।

54 ਪਰਮੇਸ਼ੁਰ ਆਦਮ ਦਾ ਪਿਤਾ ਸੀ। "ਆਦਮ ਸੀ...ਪਰਮੇਸ਼ੁਰ ਦਾ ਪੁੱਤਰ," ਲਿਖਤਾਂ ਦੇ ਅਨੁਸਾਰ। ਉਹ ਪਰਮੇਸ਼ੁਰ ਦਾ ਪੁੱਤਰ ਸੀ।

55 ਅਤੇ ਪਰਮੇਸ਼ੁਰ ਨੇ ਉਸ ਲਈ ਇੱਕ ਸਹਾਇਕਣ ਬਣਾਈ, ਉਸਦੇ ਆਪਣੇ ਹੀ ਸਰੀਰ ਵਿੱਚੋਂ; ਹੋ ਸਕਦਾ ਹੈ ਉਸਦੇ ਦਿਲ ਵਿੱਚੋਂ ਇੱਕ ਪਸਲੀ ਲੈ ਕੇ, ਤਾਂ ਜੋ ਉਸ ਦੇ ਨੇੜੇ ਰਹੇ, ਅਤੇ ਉਸ ਲਈ ਇੱਕ ਸਹਾਇਕਣ ਬਣਾਈ। ਇਹ ਅਸਲ ਵਿੱਚ ਹਾਲੇ ਤਕ ਉਸਦੀ ਪਤਨੀ ਨਹੀਂ ਸੀ, ਅਜੇ ਤੱਕ ਉਹ ਆਦਮੀ ਨਹੀਂ ਸੀ; ਉਸ ਨੇ ਬਸ ਅਜੇ ਬੋਲਿਆ ਹੀ ਸੀ। ਅਤੇ ਇਹੀ ਉਹ ਥਾਂ ਹੈ ਜਿੱਥੇ ਮੁਸੀਬਤ ਆਉਂਦੀ ਹੈ, ਸ਼ਤਾਨ ਨੇ ਉਸਨੂੰ ਆਦਮ ਤੋਂ ਪਹਿਲਾਂ ਲੱਭ ਲਿਆ ਸੀ। ਇਸ ਲਈ, ਇਹ ਕੇਵਲ ਉਸਦਾ ਬਚਨ ਹੀ ਸੀ ਜੋ ਉਸਨੇ ਬੋਲਿਆ ਸੀ।

56 ਮੈਂ ਕਹਿੰਦਾ ਹਾਂ, ਮੈਂ ਇਸ ਤੇ ਜ਼ਿਆਦਾ ਸਮਾਂ ਨਹੀਂ ਬਿਤਾਉਣਾ ਚਾਹੁੰਦਾ। ਪਰ ਤੁਹਾਡੇ ਵਿੱਚੋਂ ਕੁਝ ਥੋੜਾ ਉਲਝਣ ਵਿੱਚ ਪੈ ਸਕਦੇ ਹਨ, ਖਾਸ ਕਰਕੇ ਕੁਝ ਲੋਕ ਜਿਹੜੇ ਦੱਖਣ ਵਿੱਚ—ਵਿੱਚ ਹਨ, ਉਨ੍ਹਾਂ ਨੂੰ ਇਹ ਥੋੜਾ ਉਲਝਣ ਜਿਹਾ ਜਾਪਦਾ ਹੈ, ਉਹ ਸੰਦੇਸ਼ ਜੋ ਮੈਂ ਅੱਜ ਪਰਮੇਸ਼ੁਰ ਵੱਲੋਂ, ਲੋਕਾਂ ਨੂੰ ਦਿੱਤਾ ਹੈ, ਜੋ ਸੱਪ ਦੇ ਵੰਸ਼ ਬਾਰੇ ਸੀ। ਅਤੇ ਮੈਂ ਘਰ ਜਾ ਰਿਹਾ ਹਾਂ, ਜੇ ਪ੍ਰਭੂ ਦੀ ਇੱਛਾ ਹੋਵੇਗੀ ਤਾਂ, ਇਹਨਾਂ ਦਿਨਾਂ ਵਿੱਚੋਂ ਕਿਸੇ ਦਿਨ, ਜੇਫਰਸਨਵਿਲ ਵਿੱਚ। ਮੈਂ ਲਗਭਗ ਛੇ ਘੰਟੇ ਦਾ ਸੰਦੇਸ਼ ਲੈਣਾ ਚਾਹੁੰਦਾ ਹਾਂ, ਅਤੇ ਇਸ ਨੂੰ ਸਪੱਸ਼ਟ ਕਰਨਾ ਚਾਹੁੰਦਾ ਹਾਂ, ਦੇਖੋ, ਤਾਂ ਜੋ ਇਸ ਨੂੰ ਇਸ ਤਰ੍ਹਾਂ ਪੇਸ਼ ਕਰੀਏ ਕਿ ਤੁਹਾਨੂੰ ਪਤਾ ਲੱਗੇਗਾ ਕਿ ਅਸੀਂ ਕਿਸ ਬਾਰੇ ਗੱਲ ਕਰ ਰਹੇ ਹਾਂ। ਅਤੇ ਇਹ **ਯਹੋਵਾਹ ਇੰਝ ਫ਼ਰਮਾਉਂਦਾ ਹੈ**। ਇਹ ਉਨਾ ਹੀ ਸੱਚ ਹੈ ਜਿਵੇਂ ਮੈਂ ਸਾਡੀ ਭੈਣ ਫਲੋਰੈਂਸ ਨੂੰ ਜਾਣ ਤੋਂ ਪਹਿਲਾਂ ਦੇਖਿਆ ਸੀ, ਕਈ ਸਾਲ ਪਹਿਲਾਂ। ਦੇਖੋ, ਇਹ ਸੱਚ ਹੈ। ਅਤੇ ਹੁਣ, ਅਸੀਂ... ਸ਼ਾਇਦ ਇਸ ਨੂੰ ਗਲਤ ਸਮਝਿਆ ਗਿਆ ਹੈ।

57 ਜੇ ਕੋਈ ਮੇਰੇ ਕੋਲ, ਕੁਝ ਵੱਖਰਾ ਲੈ ਕੇ ਆਉਂਦਾ ਹੈ, ਤਾਂ ਮੈਂ ਆਪ ਵੀ, ਇਸ ਨੂੰ ਗਲਤ ਸਮਝਾਂਗਾ। ਕੋਈ ਜੋ ਕਹਿੰਦਾ ਹੈ ਮੈਂ ਉਸ ਬਾਰੇ ਆਲੋਚਨਾ ਨਹੀਂ ਕਰਨਾ ਚਾਹੁੰਦਾ। ਅਸੀਂ ਇੱਕ ਦੂਜੇ ਦੀ ਆਲੋਚਨਾ ਕਰਨ ਲਈ ਨਹੀਂ ਹਾਂ। ਮੈਂ ਅਜਿਹਾ ਕਰਨ ਲਈ ਦੋਸ਼ੀ ਨਹੀਂ ਹਾਂ; ਮੈਂ ਪ੍ਰਭੂ ਦਾ ਧੰਨਵਾਦ ਕਰਦਾ ਹਾਂ। ਮੈਂ ਪਾਪ ਅਤੇ ਅਵਿਸ਼ਵਾਸ ਦੀ ਆਲੋਚਨਾ ਕੀਤੀ ਹੈ; ਪਰ ਕਿਸੇ ਵਿਅਕਤੀਗਤ

ਵਿਅਕਤੀ ਦੀ ਨਹੀਂ, ਦੇਖੋ, ਮੈਂ—ਮੈਂ ਨਹੀਂ ਕਰਦਾ। ਅਸੀਂ ਹਾਂ—ਅਸੀਂ ਭਾਈ-ਭੈਣ ਹਾਂ, ਕੋਸ਼ਿਸ਼ ਕਰ ਰਹੇ ਹਾਂ, ਅਸੀਂ ਉੱਥੇ ਆ ਰਹੇ ਹਾਂ ਜਿੱਥੇ ਭੈਣ ਫਲੋਰੈਂਸ ਕੱਲ੍ਹ ਸਵੇਰੇ ਆਈ ਸੀ, ਸਮਝੇ। ਉਹ…ਸਾਨੂੰ—ਸਾਨੂੰ ਸਾਰਿਆਂ ਨੂੰ ਉਸੇ ਰਾਹ ਤੇ ਆਉਣਾ ਪਵੇਗਾ। ਅਤੇ ਇਹ ਮੇਰਾ ਮਕਸਦ ਨਹੀਂ ਹੈ ਕਿ—ਕਿ ਕਿਸੇ ਅਜਿਹੇ ਭਾਈ ਜਾਂ ਭੈਣ ਦੀ ਆਲੋਚਨਾ ਕਰਨ ਦੀ ਕੋਸ਼ਿਸ਼ ਕਰਾਂ ਜੋ ਮੇਰੇ ਨਾਲ ਸਹਿਮਤ ਨਹੀਂ ਹੁੰਦਾ। ਨਹੀਂ, ਅਜਿਹਾ ਕਰਨਾ ਮੇਰੇ ਤੋਂ ਦੂਰ ਰਹੇ! ਮੈਨੂੰ ਨਹੀਂ ਲਗਦਾ ਕਿ ਤੁਹਾਨੂੰ ਕਦੇ ਵੀ ਅਜਿਹੀ ਟੇਪ ਮਿਲੇਗੀ ਜਿਸ ਵਿੱਚ ਮੈਂ ਕਦੇ ਕਿਸੇ ਦਾ ਨਾਮ ਲਿਆ ਹੋਵੇ। ਜਦਕਿ, ਮੈਂ ਕਈ ਵਾਰ ਮਹਿਸੂਸ ਕੀਤਾ ਹੈ ਕਿ ਉਹ ਵਿਅਕਤੀ ਗਲਤ ਸੀ, ਪਰ ਇਹ ਪਰਮੇਸ਼ੁਰ ਅਤੇ ਉਨ੍ਹਾਂ ਦੇ ਵਿਚਕਾਰ ਹੈ। ਪਰ ਜੋ ਗਲਤ ਹੈ, ਪਾਪ ਦੇ ਰਾਹ ਵਿੱਚ ਅਤੇ…ਅਤੇ ਗਲਤਫਹਿਮੀ ਕਈ ਵਾਰ ਪਾਪ ਵੀ ਨਹੀਂ ਹੁੰਦੀ, ਇਹ ਸਿਰਫ ਲੋਕਾਂ ਦੀ ਗਲਤਫਹਿਮੀ ਹੁੰਦੀ ਹੈ। ਅਤੇ ਮੈਨੂੰ—ਮੈਨੂੰ ਲਗਦਾ ਹੈ ਕਿ ਸਾਡੇ ਵਿੱਚੋਂ ਹਰ ਇੱਕ ਨੂੰ ਆਪਣੀ ਸਮਝ ਅਨੁਸਾਰ ਆਪਣੇ ਆਪ ਨੂੰ ਵਿਅਕਤ ਕਰਨ ਦਾ ਅਧਿਕਾਰ ਹੈ।

58 ਹੁਣ ਇਸ ਮਹਾਨ ਸ੍ਰਿਸ਼ਟੀਕਰਤਾ ਨੇ ਆਪਣੇ ਰਚੇ ਹੋਏ ਪੁੱਤਰ ਨੂੰ ਰੱਖਿਆ। ਹੁਣ, ਆਦਮ ਉਸਦਾ ਰਚਿਆ ਹੋਇਆ ਪਹਿਲਾ ਪੁੱਤਰ ਸੀ। ਯਿਸੂ ਉਸਦਾ *ਇਕਲੌਤਾ* ਪੁੱਤਰ ਸੀ, ਵੇਖੋ, ਉਸਨੂੰ ਇੱਕ ਇਸਤ੍ਰੀ ਦੁਆਰਾ ਜੰਮਿਆ ਸੀ। ਪਰ ਆਦਮ ਸ੍ਰਿਸ਼ਟੀ ਵਿੱਚ, ਸਿੱਧਾ ਪਰਮੇਸ਼ੁਰ ਦੇ ਹੱਥੋਂ ਆਇਆ ਸੀ।

59 ਹੁਣ ਮੁੱਖ ਦਫ਼ਤਰ, ਕੁੱਲ ਮਿਲਾ ਕੇ ਉਸਦੇ—ਉਸਦੇ ਪੁੱਤਰ ਅਤੇ ਉਸਦੇ ਪੁੱਤਰ ਦੀ ਲਾੜੀ ਦੇ ਨਾਲ, ਇਹ ਬਹੁਤ ਸਿੱਧ ਦਿਖਾਈ ਦਿੰਦਾ ਸੀ। ਉਥੇ ਇੱਕ—ਇੱਕ ਆਦਮੀ ਸੀ, ਇਸ ਸਭ ਦਾ ਪ੍ਰਧਾਨ, ਉਸਦਾ ਆਪਣਾ ਪੁੱਤਰ ਅਤੇ ਉਸਦੀ ਲਾੜੀ।

60 ਅਤੇ ਹਰ ਬੀਜ ਸੰਪੂਰਣ ਸੀ, ਖਜੂਰ, ਅਤੇ ਬਲੂਤ, ਅਤੇ ਘਾਹ, ਅਤੇ ਪੰਛੀ, ਅਤੇ ਜਾਨਵਰ। ਅਤੇ ਹਰ ਚੀਜ਼ ਪਰਮੇਸ਼ੁਰ ਦੇ ਹੁਕਮ ਅਨੁਸਾਰ ਸੰਪੂਰਨ ਵਿਵਸਥਾ ਵਿੱਚ ਸੀ, "ਆਪਣੇ ਸੁਭਾਅ ਨੂੰ ਨਾ ਬਦਲਣਾ। ਹਰ ਬੀਜ, ਆਪਣੀ ਜਿਨਸ ਦੇ ਅਨੁਸਾਰ ਉਗਾਵੇ! ਬਲੂਤ, ਤੂੰ ਕਦੇ ਵੀ ਵਿਗੜ ਕੇ ਇੱਕ ਪਪੀਤੇ ਦੇ ਰੁੱਖ ਵਿੱਚ ਨਾ ਬਦਲ ਜਾਣਾ।" ਸਮਝੇ? "ਖਜੂਰ, ਤੂੰ ਵਿਗੜ ਕੇ ਕਿਸੇ ਹੋਰ ਚੀਜ਼ ਵਿੱਚ ਨਾ ਬਦਲ ਜਾਣਾ। ਪਰ ਹਰ ਬੀਜ ਆਪਣੀ ਜਿਨਸ ਦੇ ਅਨੁਸਾਰ ਉਗਾਵੇ!" ਅਤੇ ਉਸ ਨੇ—ਉਸਨੇ ਇਸ ਨੂੰ ਸਮੇਂ ਦੇ ਵਿੱਚੋਂ ਇਸ ਨੂੰ ਦੇਖ ਦਲੀਆ ਸੀ।

61 ਅਤੇ ਉਸਨੇ ਵਚਨ ਬੋਲਿਆ ਸੀ। ਅਤੇ ਉਸਦੀ ਮਹਾਨ ਸ੍ਰਿਸ਼ਟੀ ਕਰਨ ਵਾਲੀ ਸਮਰੱਥ ਨੇ ਇਹ ਚੀਜ਼ਾਂ ਬਣਾਈਆਂ ਜੋ ਉੱਪਰ ਆਇਆਂ, ਅਤੇ ਇੱਥੋਂ

ਤੱਕ ਕਿ ਨਰ ਅਤੇ ਨਾਰੀ ਵੀ। ਅਤੇ ਉਹ ਪ੍ਰਧਾਨ ਸਨ ਕਿਉਂਕਿ ਉਹ...ਉਹ ਹੋਰ ਸਾਰੀਆਂ ਨਸਲਾਂ ਨਾਲੋਂ ਉੱਤਮ ਸਨ। ਅਤੇ ਉਸਨੇ ਉਹਨਾਂ ਨੂੰ ਵੀ ਉਸੇ ਚੀਜ਼ ਦੀ ਨਿਗਰਾਨੀ ਵਿੱਚ ਰੱਖਿਆ ਜਿਸ ਹੇਠ ਉਸਨੇ ਰੁੱਖਾਂ, ਜਾਨਵਰਾਂ ਅਤੇ ਹੋਰਾਂ ਨੂੰ ਰੱਖਿਆ: ਉਸਦੇ ਵਚਨ ਦੀ। ਉਹਨਾਂ ਨੂੰ ਚਾਹੀਦਾ ਸੀ ਕਿ ਉਹ ਕਦੇ ਵੀ, ਕਿਸੇ ਵੀ ਤਰੀਕੇ ਨਾਲ, ਉਸ ਵਚਨ ਨੂੰ ਨਾ ਤੋੜਦੇ। ਉਨ੍ਹਾਂ ਨੂੰ ਉੱਥੇ ਟਿਕੇ ਰਹਿਣਾ ਚਾਹੀਦਾ ਸੀ। "ਇਸ ਵਿੱਚੋਂ ਕਦੇ ਵੀ ਕੁਝ ਨਾ ਘਟਾਵੋ, ਜਾਂ ਇਸ ਵਿੱਚ ਕੁਝ ਵੀ ਨਾ ਜੋੜੋ! ਤੁਹਾਨੂੰ ਇਸ ਵਚਨ ਦੇ ਨਾਲ ਜੀਣਾ ਚਾਹੀਦਾ ਹੈ।"

62 ਅਤੇ ਜਿੰਨਾ ਚਿਰ ਉਹ ਸ੍ਰਿਸ਼ਟੀ ਇਸ ਤਰ੍ਹਾਂ ਹੋਂਦ ਵਿੱਚ ਰਹਿੰਦੀ, ਤਾਂ ਭੈਣ ਸ਼ਕੇਰੀਅਨ ਨੂੰ ਅੱਜ ਸਵੇਰੇ ਨਹੀਂ ਜਾਣਾ ਪੈਂਦਾ, ਜਿੰਨਾ ਚਿਰ ਇਹ ਉਸ ਤਰ੍ਹਾਂ ਰਹਿੰਦੀ, ਪਰਮੇਸ਼ੁਰ ਦੀ ਮਹਾਨ ਵਿਵਸਥਾ! ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਹ ਉਹੀ ਹੈ ਜਿਸ ਵੱਲ ਅਸੀਂ ਵਾਪਸ ਜਾ ਰਹੇ ਹਾਂ। ਅਸੀਂ ਉਸ ਥਾਂ ਤੇ, ਉਸ ਜਗ੍ਹਾ ਤੇ ਵਾਪਸ ਜਾ ਰਹੇ ਹਾਂ।

63 ਜਿੱਥੇ ਉਸ ਸੱਤਵੀਂ ਸਵੇਰ ਨੂੰ, ਜਦੋਂ ਪਰਮੇਸ਼ੁਰ ਨੇ ਇਹ ਸਭ ਵੇਖਿਆ, ਅਤੇ ਉਸਨੇ ਕਿਹਾ, "ਇਹ ਚੰਗਾ ਹੈ। ਮੈਂ—ਮੈਂ ਇਸ ਤੋਂ ਪ੍ਰਸੰਨ ਹਾਂ। ਹਾਂ, ਮੈਨੂੰ—ਮੈਨੂੰ—ਮੈਨੂੰ ਖੁਸ਼ੀ ਹੈ ਕਿ ਮੈਂ ਇਹ ਕੀਤਾ। ਅਤੇ ਇਹ ਸਭ ਹੁਣ ਨਿਯੰਤਰਣ ਹੇਠ ਹੈ। ਅਤੇ ਮੈਂ ਆਪਣੇ ਪੁੱਤਰ ਅਤੇ ਉਸਦੀ ਪਤਨੀ ਵਿੱਚ ਭਰੋਸਾ ਰੱਖਿਆ ਹੈ, ਕਿ—ਕਿ ਉਹ (ਉਨ੍ਹਾਂ ਨੂੰ ਇਸ ਸਭ ਦਾ ਪ੍ਰਧਾਨ ਬਣਾਇਆ ਹੈ), ਕਿ ਉਹ ਇਸ ਸਭ ਤੇ ਨਜ਼ਰ ਰੱਖਣਗੇ ਅਤੇ ਦੇਖਣਗੇ ਕਿ ਇਹ ਸਭ ਠੀਕ ਹੈ, ਕਿ ਹਰੇਕ ਚੀਜ ਆਪਣੀ ਜਿਨਸ ਦੇ ਅਨੁਸਾਰ ਪੈਦਾ ਕਰੇਗੀ। ਹੁਣ ਉਸ ਕੋਲ ਅਜਿਹਾ ਕਰਨ ਦੀ ਸ਼ਕਤੀ ਹੈ।" ਫਿਰ ਪਰਮੇਸ਼ੁਰ ਨੇ ਕਿਹਾ, "ਅੱਛਾ, ਜੇ ਇਹ ਸਭ ਬਹੁਤ ਵਧੀਆ ਹੈ, ਅਤੇ ਇਹ ਕੁਝ ਹੋਰ ਨਹੀਂ ਹੋ ਸਕਦਾ, ਕਿਉਂਕਿ ਇਹ ਮੇਰੀ ਆਪਣੀ ਇੱਛਾ ਹੈ। ਇਹ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਮੈਂ ਚਾਹੁੰਦਾ ਹਾਂ। ਅਤੇ ਮੈਂ ਇਸਨੂੰ ਉਸੇ ਤਰ੍ਹਾਂ ਬੋਲਿਆ ਹੈ, ਅਤੇ ਮੇਰੇ ਵਚਨਾਂ ਨੇ ਇਸਨੂੰ ਬਿਲਕੁਲ ਉਸੇ ਤਰ੍ਹਾਂ ਲਿਆਂਦਾ ਹੈ ਜਿਵੇਂ ਮੈਂ ਇਸਨੂੰ ਚਾਹੁੰਦਾ ਸੀ। ਅਤੇ ਇਹ ਉੱਥੇ ਹੈ। ਇਹ ਸਭ ਚੰਗਾ ਹੈ!" ਇਸ ਲਈ ਬਾਈਬਲ ਨੇ ਕਿਹਾ, "ਪਰਮੇਸ਼ੁਰ ਨੇ ਆਪਣੇ ਸਾਰੇ ਕੰਮਾਂ ਤੋਂ ਵੇਹਲੇ ਹੋ ਕੇ, ਸੱਤਵੇਂ ਦਿਨ ਆਰਾਮ ਕੀਤਾ।"

64 ਅਤੇ ਹਰ ਚੀਜ਼ ਆਪਣੀ ਜਿਨਸ ਦੇ ਅਨੁਸਾਰ ਪੈਦਾ ਕਰਨ ਲਈ, ਨਿਯੰਤਰਣ ਹੇਠ ਸੀ। ਹੁਣ ਯਾਦ ਰੱਖੋ, "ਪੈਦਾ ਕਰਨ ਲਈ।" ਜਦੋਂ ਉਹ ਬੀਜ ਨੂੰ ਧਰਤੀ ਵਿੱਚ ਪਾ ਦਿੰਦਾ ਹੈ, ਤਾਂ ਉਹ ਬੀਜ ਉਸ ਦੇ ਅੰਦਰ ਜੀਵਨ ਦੀ ਸ਼ਕਤੀ ਨਾਲ ਹੀ ਨਿਕਲ ਸਕਦਾ ਹੈ, ਇਸਨੂੰ ਇੱਕ ਬੀਜ ਤੋਂ ਇੱਕ ਪੌਦੇ ਵਿੱਚ ਬਦਲਣ ਲਈ, ਜਾਂ ਜੋ ਵੀ ਇਹ ਸੀ। ਉਸਦੀ ਰੂਪਾਂਤਰਣ ਦੀ ਸ਼ਕਤੀ! ਹੁਣ, ਪਰਮੇਸ਼ੁਰ

ਨੇ ਉੱਥੇ ਬੀਜ ਰੱਖ ਦਿੱਤਾ, ਸੰਭਾਵਨਾਵਾਂ ਦੇ ਨਾਲ ਕਿ ਇਹ ਉਹੋ ਹੋਵੇਗਾ ਜੋ ਉਸਨੇ ਕਿਹਾ ਸੀ ਕਿ ਇਹ ਹੋਵੇਗਾ। ਅਤੇ ਜਿੰਨਾ ਚਿਰ ਇਹ ਇਸਦੀ ਸਹੀ ਸ਼੍ਰੇਣੀ ਵਿੱਚ ਰਹੇਗਾ, ਇਹ ਬਿਲਕੁਲ ਉਹੀ ਹੋਵੇਗਾ ਜੋ ਪਰਮੇਸ਼ੁਰ ਨੇ ਕਿਹਾ ਸੀ ਕਿ ਇਹ ਹੋਵੇਗਾ। ਇਹ ਇੰਝ ਹੀ ਹੋਣਾ ਸੀ, ਕਿਉਂਕਿ ਉਸਨੇ ਇਸਨੂੰ ਇਸ ਤਰ੍ਹਾਂ ਬਣਾਇਆ ਸੀ, ਅਤੇ ਇੱਕ ਰਾਹ ਬਣਾਇਆ ਸੀ। ਕਿ, ਜੋ ਕੋਈ ਵੀ ਉਸਦੇ ਮਾਰਗ ਵਿੱਚ ਰਹੇ, ਉਸਦੇ ਵਚਨ ਦੀ ਸੇਧ ਵਿੱਚ, ਤਾਂ ਇਸ ਨੂੰ ਬਿਲਕੁਲ ਉਸੇ ਤਰ੍ਹਾਂ ਪੈਦਾ ਕਰਨਾ ਪਏਗਾ ਜਿਵੇਂ ਉਸਦੇ ਵਚਨ ਨੇ ਕਿਹਾ ਸੀ ਕਿ ਇਹ ਕਰੇਗਾ। ਇਹ ਉਥੋਂ ਹਿੱਲ ਨਹੀਂ ਸਕਦਾ। ਇਸ ਨੂੰ ਬਿਲਕੁਲ ਸਹੀ ਰਾਹ ਤੇ ਰੱਖਿਆ ਗਿਆ ਹੈ। ਇਸ ਲਈ, ਆਪਣੇ ਪੁੱਤਰ ਵਿੱਚ ਵਿਸ਼ਵਾਸ ਦੇ ਨਾਲ, ਕਿ ਇਹ ਉਸੇ ਤਰ੍ਹਾਂ ਹੋਵੇਗਾ, ਤਦ ਪਰਮੇਸ਼ੁਰ ਨੇ ਕਿਹਾ, "ਇਹ ਸਭ ਚੰਗਾ ਹੈ, ਇਸ ਲਈ ਮੈਂ ਆਰਾਮ ਕਰਾਂਗਾ। ਅਤੇ ਉਹਨਾਂ ਬੀਜਾਂ ਵਿੱਚੋਂ ਹਰ ਇੱਕ ਵਿੱਚ ਆਪਣੀ ਸ਼ਕਤੀ ਹੁੰਦੀ ਹੈ, ਆਪਣੇ ਆਪ ਨੂੰ ਉਸ ਪ੍ਰਜਾਤੀ ਵਿੱਚ ਬਦਲਣ ਲਈ ਜੋ ਮੈਂ ਚਾਹੁੰਦਾ ਹਾਂ। ਇਹ ਇਸੇ ਤਰ੍ਹਾਂ ਹੋਣਾ ਚਾਹੀਦਾ ਹੈ, ਕਿਉਂਕਿ ਮੈਂ ਹਰ ਬੀਜ ਨੂੰ ਰੂਪਾਂਤਰਣ ਦੀ ਸ਼ਕਤੀ ਦਿੱਤੀ ਹੈ, ਤਾਂ ਜੋ ਆਪਣੇ ਆਪ ਨੂੰ ਬਣਾਵੇ, ਹੁਣ ਇਹ ਆਪਣੇ ਆਪ ਨੂੰ ਬਿਲਕੁਲ ਉਹੀ ਬਣਾਵੇ ਜੋ ਮੈਂ ਇਸਨੂੰ ਬਣਾਉਣਾ ਚਾਹੁੰਦਾ ਹਾਂ।"

65 ਪਰਮੇਸ਼ੁਰ ਕਦੇ ਨਹੀਂ ਬਦਲਿਆ। ਅੱਜ ਵੀ ਉਵੇਂ ਹੀ ਹੈ ਜਿਵੇਂ ਉਹ ਉਦੋਂ ਸੀ! ਪਰਮੇਸ਼ੁਰ ਨੇ ਕੁਝ ਕਰਨ ਦਾ ਪੱਕਾ ਇਰਾਦਾ ਕੀਤਾ ਹੈ। ਤਾਂ ਉਹ ਕਰੇਗਾ। ਕੁਝ ਵੀ ਉਸ ਨੂੰ ਰੋਕਣ ਵਾਲਾ ਨਹੀਂ ਹੈ। ਉਹ ਇਹ ਕਰੇਗਾ!

66 ਹੁਣ ਸਭ ਕੁਝ ਇੰਨਾ ਵਧੀਆ ਅਤੇ ਕ੍ਰਮਬੱਧ ਹੋਣ ਤੋਂ ਬਾਅਦ, ਪਰਮੇਸ਼ੁਰ ਨੂੰ ਹੁਣ ਯਕੀਨ ਮਹਿਸੂਸ ਹੋਇਆ ਕਿ ਇਹ ਸਭ ਠੀਕ ਰਹੇਗਾ, ਅਤੇ ਫਿਰ, ਜਦੋਂ ਉਸਨੇ ਅਜਿਹਾ ਕੀਤਾ, ਤਦ ਦੁਸ਼ਮਣ ਅੰਦਰ ਆਇਆ। ਮੈਂ ਜਾ ਰਿਹਾ ਹਾਂ... ਪਰਮੇਸ਼ੁਰ ਨੇ ਰੂਪਾਂਤਰਣ ਦੀ ਸ਼ਕਤੀ ਦਿੱਤੀ ਹੈ। ਅਤੇ ਮੈਂ ਇਸ ਵਿਅਕਤੀ ਨੂੰ ਬੁਲਾਵਾਂਗਾ, ਦੁਬਾਰਾ ਸ੍ਰਿਸ਼ਟੀ ਕਰਨ ਦੀ—ਦੀ ਸ਼ਕਤੀ ਨਾਲ ਨਹੀਂ, ਪਰ ਮੈਂ... ਉਸ ਕੋਲ ਵਿਗਾੜਨ ਦੀ ਸ਼ਕਤੀ ਸੀ, ਨਾ ਕਿ ਰੂਪਾਂਤਰਣ ਦੀ; ਸਗੋਂ ਵਿਗਾੜ ਕਰਨ ਦੀ। ਹੁਣ, ਕਿਸੇ ਵੀ ਚੀਜ ਦਾ ਵਿਗਾੜ ਕਰਨ ਲਈ ਇਸ ਨੂੰ ਇਸਦੀ ਮੂਲ ਸਥਿਤੀ ਤੋਂ ਲਿਆ ਜਾਂਦਾ ਹੈ, ਉੱਥੇ ਕੁਝ ਹੈ ਜੋ ਇਸ ਦੇ ਨਾਲ ਗਲਤ ਹੋ ਗਿਆ ਹੈ।

67 ਕੁਝ ਸਾਲ ਪਹਿਲਾਂ, ਗਸ਼ਤ ਦੌਰਾਨ, ਮੱਕੀ ਦੇ ਖੇਤਾਂ ਵਿੱਚੋਂ ਲੰਘਦਿਆਂ, ਮੈਂ ਇਸ ਬਾਰੇ ਸੋਚਿਆ, ਉੱਥੇ ਇੱਕ ਰੁੱਖ ਤੋਂ ਇੱਕ ਟਾਹਣੀ ਟੁੱਟ ਗਈ ਸੀ, ਅਤੇ ਮੱਕੀ ਦੇ ਡੰਡੇ ਤੇ ਡਿੱਗ ਗਈ ਸੀ। ਅਤੇ ਡੰਡਾ ਸਿੱਧਾ ਉੱਠਣ ਦੀ ਪੂਰੀ ਕੋਸ਼ਿਸ਼

ਕਰ ਰਿਹਾ ਸੀ ਜਿਵੇਂ ਇਸ ਨੂੰ ਹੋਣਾ ਚਾਹੀਦਾ ਸੀ, ਪਰ ਇਹ ਟੇਢਾ ਹੋ ਗਿਆ ਸੀ ਕਿਉਂਕਿ ਕੁਝ ਵਾਪਰਿਆ ਸੀ। ਅਤੇ ਟਾਹਣੀ ਉਸ ਉੱਤੇ ਪਈ ਸੀ।

68 ਫਿਰ ਸਾਨੂੰ ਖੇਤ ਵਿੱਚ ਇੱਕ ਜੰਗਲੀ ਵੇਲ ਮਿਲੀ। ਜਿਸ ਨੂੰ, ਤੁਹਾਡੇ ਵਿੱਚੋਂ ਬਹੁਤ ਸਾਰੇ ਇੱਥੇ ਪੁਰਸ਼, ਅਤੇ ਸ਼ਾਇਦ ਤੁਹਾਡੇ ਵਿੱਚੋਂ ਕੁਝ ਔਰਤਾਂ...ਜੇਕਰ ਤੁਸੀਂ ਕੈਂਟਕੀ ਤੋਂ ਆਏ ਹੋ। ਉਥੇ ਔਰਤਾਂ ਮਰਦਾਂ ਵਾਂਗ ਹੀ ਕਹੀ ਦੀ ਵਰਤੋਂ ਕਰਦੀਆਂ ਹਨ, ਖੇਤ ਵਿੱਚ ਇੱਕ—ਇੱਕ ਕਹੀ ਲੈ ਕੇ ਜਾਂਦੀਆਂ ਹਨ, ਅਸੀਂ ਜਿਸਨੂੰ ਪੁਰਾਣੀ ਹੰਸਕੰਠ ਕਹੀ ਕਹਿੰਦੇ ਹਾਂ, ਅਤੇ ਵੇਲਾਂ ਨੂੰ ਕੱਟ ਕੇ ਬਾਹਰ ਕੱਢ ਸੁੱਟਦੀਆਂ ਹਨ। ਕਿਉਂਕਿ, ਜੇ ਤੁਸੀਂ ਉਨ੍ਹਾਂ ਵੇਲਾਂ ਨੂੰ ਬਾਹਰ ਨਹੀਂ ਕੱਢਿਆ, ਜਿੱਥੇ ਮੱਕੀ ਕਤਾਰ ਵਿੱਚ ਸੀ, *ਇਸ* ਤਰ੍ਹਾਂ, ਤਾਂ ਫਿਰ ਉਹ ਵੇਲ ਉਸ ਉੱਤੇ ਪਹੁੰਚ ਜਾਵੇਗੀ, ਉਸ ਮੱਕੀ ਉੱਤੇ ਕਬਜਾ ਕਰ ਲਵੇਗੀ, ਅਤੇ ਆਪਣੇ ਆਪ ਨੂੰ ਹੌਲੀ-ਹੌਲੀ ਉਸਦੇ ਦੁਆਲੇ ਲਪੇਟ ਲੈਂਦੀ ਹੈ, ਇੰਨੀ ਅਸਾਨੀ ਨਾਲ, ਇੰਨੀ ਚਲਾਕੀ ਨਾਲ, ਕਿ ਤੁਸੀਂ ਸ਼ਾਇਦ ਹੀ ਇਹ ਕਹਿ ਸਕਦੇ ਹੋ ਕਿ ਇਹ ਲਪੇਟ ਰਹੀ ਸੀ। ਅਤੇ ਆਖਰਕਾਰ ਇਹ ਮਜ਼ਬੂਤ ਅਤੇ ਮਜ਼ਬੂਤ ਹੁੰਦੀ ਜਾਂਦੀ ਹੈ, ਅਤੇ ਇਹ ਉਸ ਮੱਕੀ ਨੂੰ ਉਦੋਂ ਤੱਕ ਖਿੱਚਦੀ ਰਹਿੰਦੀ ਹੈ ਜਦੋਂ ਤੱਕ ਇਹ ਕਰੂਪ ਨਹੀਂ ਹੋ ਜਾਂਦੀ। ਇਸ ਨੂੰ ਆਪਣੇ ਵੱਲ ਖਿੱਚਦੀ ਹੈ, ਇਸ ਨੂੰ ਆਪਣੇ ਨਾਲ ਲਪੇਟ ਲੈਂਦੀ ਹੈ; ਜੋ ਇਹ ਸੀ ਇਸ ਨੂੰ ਉਸ ਤੋਂ ਵਿਗਾੜ ਦਿੰਦੀ ਹੈ, ਕਿਸੇ ਹੋਰ ਚੀਜ਼ ਵਿੱਚ ਬਦਲ ਦਿੰਦੀ ਹੈ। ਫਿਰ ਵੀ ਇਹ ਮੱਕੀ ਹੈ, ਪਰ ਇਹ ਮੱਕੀ ਦਾ ਵਿਗੜਿਆ ਹੋਇਆ ਰੂਪ ਹੈ।

69 ਅਤੇ ਅਸੀਂ ਸਾਰੇ ਅਜੇ ਵੀ ਪਰਮੇਸ਼ੁਰ ਦੇ ਸਰੂਪ ਵਿੱਚ ਹਾਂ। ਪਰ ਕੁਝ ਇੰਨੇ ਵਿਗੜੇ ਹੋਏ ਹਨ, ਜਿਵੇਂ ਪਰਮੇਸ਼ੁਰ ਦੇ ਪੁੱਤਰ, ਜੋ ਉਸ ਦੇ ਬਚਨ ਅਤੇ ਉਸ ਰਾਹ ਤੋਂ ਉਲਟ ਚੱਲਦੇ ਹਨ ਜੋ—ਜੋ ਉਸਨੇ ਸਾਡੇ ਲਈ ਰੱਖਿਆ ਅਤੇ ਸਾਡੇ ਚੱਲਣ ਲਈ ਦਿੱਤਾ ਸੀ। ਕਿਸੇ ਚੀਜ਼ ਨੂੰ ਰੱਖ ਕੇ, ਦੁਨੀਆ ਸਾਨੂੰ ਰਸਤੇ ਤੋਂ ਮੋੜ ਦਿੰਦੀ ਹੈ, ਸਾਨੂੰ ਆਪਣੇ ਨੇੜੇ ਖਿੱਚਦੀ ਹੈ, ਅਤੇ ਉਸ ਸਿੱਧੀ, ਤੰਗ ਰਾਹ ਤੋਂ ਦੂਰ ਜਿਸ ਵਿੱਚ ਉਸਨੇ ਸਾਨੂੰ ਲਾਇਆ ਸੀ, ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਬਣਨ ਲਈ। ਪਾਪ ਨੇ ਪਰਮੇਸ਼ੁਰ ਦੇ ਪੁੱਤਰਾਂ ਅਤੇ ਧੀਆਂ ਨਾਲ ਇਹ ਬੁਰਿਆਈ ਕੀਤੀ ਹੈ।

70 ਵਿਗਾੜ ਕਰਨ ਵਾਲਾ! ਮੈਂ ਜਾਣਦਾ ਹਾਂ ਕਿ ਇਸ ਬਾਰੇ ਇਸ ਤਰ੍ਹਾਂ ਬੋਲਣਾ ਬਹੁਤ ਅਜੀਬ ਲੱਗਦਾ ਹੈ, "ਵਿਗਾੜ ਲਈ—ਲਈ," ਪਰ ਉਹ ਜੋ ਵੀ ਸੀ ਇਹੀ ਸੀ; ਉਸ ਨੇ ਵਿਗਾੜਿਆ, ਜਾਂ ਦੂਸ਼ਿਤ ਕੀਤਾ। *ਦੂਸ਼ਿਤ* ਦਾ ਮਤਲਬ ਹੈ "ਬਦਲਿਆ ਜਾਣਾ, ਕੁਝ ਵੱਖਰਾ ਬਣਾਇਆ ਜਾਣਾ।" ਅਤੇ *ਵਿਗਾੜ* ਉਹੀ ਚੀਜ਼ ਹੈ, ਕਿ ਇਸਨੂੰ ਲਿਆਂਦਾ ਗਿਆ ਹੈ ਅਤੇ ਵਿਗਾੜਿਆ ਗਿਆ ਹੈ, ਅਤੇ

"ਕਿਸੇ ਹੋਰ ਤਰੀਕੇ ਨਾਲ ਬਣਾ ਦਿੱਤਾ ਹੈ।" ਭਾਵੇਂ ਇਹ ਅਜੇ ਵੀ ਉਹੀ ਬੀਜ ਹੈ, ਪਰ ਇਸ ਨੂੰ ਵਿਗਾੜ ਦਿੱਤਾ ਗਿਆ ਹੈ।

71 ਹੁਣ ਅਸੀਂ ਦੇਖਦੇ ਹਾਂ ਕਿ ਇਸ ਵਿਗਾੜ ਕਰਨ ਵਾਲੇ ਕੋਲ ਵੀ ਵਿਗਾੜਨ ਲਈ, ਉਨਾਂ ਹੀ ਸਮਾਂ ਸੀ, ਜਿੰਨਾ ਪਰਮੇਸ਼ੁਰ ਕੋਲ ਰੂਪਾਂਤਰਣ ਕਰਨ ਲਈ ਸੀ। ਹੁਣ ਉਸਨੇ ਆਪਣਾ ਬੀਜ ਬੀਜਿਆ, ਜਾਂ, ਉਸਨੇ ਕਦੇ ਆਪਣਾ ਬੀਜ ਨਹੀਂ ਬੀਜਿਆ, ਉਹ...ਅਦਨ ਦੇ ਬਾਗ਼ ਵਿੱਚ। ਉਸ ਸਮੇਂ ਤੋਂ, ਉਸ ਕੋਲ ਪਰਮੇਸ਼ੁਰ ਦੇ ਬੀਜ, ਪਰਮੇਸ਼ੁਰ ਦੇ ਵਚਨ ਨੂੰ ਵਿਗਾੜਨ ਲਈ, ਛੇ ਹਜ਼ਾਰ ਸਾਲ ਸਨ; ਇਸਨੂੰ ਵਿਗਾੜਨ ਲਈ, ਇਸਨੂੰ ਕੁਝ ਵੱਖਰਾ ਬਣਾਉਣ ਲਈ; ਜਦੋਂ ਉਹ... ਪਹਿਲੀ ਵਾਰ ਜਦੋਂ ਹੱਵਾ ਨੇ ਉਸ ਦੀ ਗੱਲ ਸੁਣੀ, ਅਤੇ ਆਪਣੇ ਲਈ ਸਿਰਫ ਇੱਕ ਛੋਟੀ ਜਿਹੀ ਗੱਲ ਨੂੰ ਲਿਆ।

72 ਯਾਦ ਰੱਖੋ, ਪਹਿਲਾਂ ਸ਼ੈਤਾਨ ਨੇ ਉਸ ਵਚਨ ਦਾ ਹਵਾਲਾ ਇੰਨੇ ਸਪੱਸ਼ਟ ਰੂਪ ਵਿੱਚ ਦਿੱਤਾ ਜਿੰਨਾ ਉਹ ਦੇ ਸਕਦਾ ਸੀ, "ਪਰਮੇਸ਼ੁਰ ਨੇ ਕਿਹਾ ਹੈ ਕਿ, 'ਤੁਸੀਂ ਅਦਨ ਦੇ ਬਾਗ਼ ਦੇ ਸਾਰਿਆਂ ਰੁੱਖਾਂ ਤੋਂ ਨਾ ਖਾਣਾ?" ਵੇਖਿਆ? "ਤੁਸੀਂ ਹਰੇਕ ਰੁੱਖ ਤੋਂ ਨਾ ਖਾਣਾ?"

73 ਅਤੇ ਹੁਣ ਯਾਦ ਰੱਖੋ, ਹੱਵਾ ਨੇ ਕਿਹਾ, "ਹਾਂ, ਅਸੀਂ ਸਾਰਿਆਂ ਰੁੱਖਾਂ ਦਾ ਫਲ ਖਾ ਸਕਦੇ ਹਾਂ; ਪਰ ਜਿਹੜਾ ਰੁੱਖ ਬਾਗ ਦੇ ਵਿਚਕਾਰ ਹੈ, ਅਸੀਂ ਉਸ ਨੂੰ ਛੂਹਣਾ ਵੀ ਨਹੀਂ।" ਹੁਣ ਉਸਨੂੰ, ਉਸਦੇ ਸੰਦੇਸ਼ ਵਿੱਚ, ਉਸ ਵਚਨ ਨੂੰ ਥੋੜਾ ਜਿਹਾ ਮਰੋੜਦੇ ਹੋਏ ਵੇਖੋ। ਇਹ ਕਹਿੰਦੇ ਹੋਏ...ਹੱਵਾ ਨੇ ਕਿਹਾ, "ਕਿਉਂਕਿ ਪਰਮੇਸ਼ੁਰ ਨੇ ਕਿਹਾ ਹੈ ਕਿ, ਜੇਕਰ ਅਸੀਂ ਅਜਿਹਾ ਕਰਦੇ ਹਾਂ, ਤਾਂ ਉਸ ਦਿਨ ਅਸੀਂ 'ਮਰ' ਜਾਵਾਂਗੇ।"

74 ਉਸ ਨੇ ਕਿਹਾ, "ਔਹ, ਤੁਸੀਂ ਯਕੀਨਨ ਨਹੀਂ ਮਰੋਗੇ।" ਦੇਖੋ, ਉਹ ਇੱਕ—ਇੱਕ ਆਦਮੀ ਸੀ, ਉਸਨੇ ਕਿਹਾ, "ਤੁਸੀਂ—ਤੁਸੀਂ—ਤੁਸੀਂ ਹੁਣ ਇਹ ਕਰੋ। ਅਤੇ ਤੁਸੀਂ—ਤੁਸੀ ਹੋ—ਤੁਸੀਂ ਇੱਕ ਹਿਸਾਬ ਨਾਲ ਬੇਸਮਝ ਲੋਕ ਹੋ। ਤੁਸੀਂ, ਅਸਲ ਵਿੱਚ, ਤੁਸੀਂ ਸਾਰੀਆਂ ਗੱਲਾਂ ਨਹੀਂ ਜਾਣਦੇ। ਪਰ ਜੇ ਤੁਸੀਂ ਬਸ ਇਸ ਵਿੱਚੋਂ ਥੋੜਾ ਜਿਹਾ ਲਵੋਂਗੇ, ਤਾਂ ਤੁਹਾਡੇ ਕੋਲ ਬੁੱਧ ਹੋਵੇਗੀ, ਤੁਹਾਡੇ ਕੋਲ ਗਿਆਨ ਹੋਵੇਗਾ। ਤੁਸੀਂ ਸਹੀ ਅਤੇ ਗਲਤ ਨੂੰ ਜਾਣ ਜਾਵੋਗੇ ਅਤੇ ਪਰਮੇਸ਼ੁਰ ਵਰਗੇ ਬਣ ਜਾਓਗੇ, ਤੁਸੀਂ, ਜੇ ਤੁਸੀਂ ਸਿਰਫ ਇਸ ਬੁੱਧੀ ਦੇ ਵਿੱਚ ਹਿੱਸੇਦਾਰ ਬਣੋਗੇ ਜਿਹੜੀ ਮੇਰੇ ਕੋਲ ਹੈ। ਮੈਂ ਜਾਣਦਾ ਹਾਂ, ਪਰ ਤੁਸੀਂ ਨਹੀਂ ਜਾਣਦੇ।"

75 ਜੋ, ਬੁੱਧੀ ਹੋਣਾ ਚੰਗੀ ਗੱਲ ਹੈ। ਪਰ ਜੇ ਬੁੱਧ ਉਲਟ ਹੈ, ਜੇ ਬੁੱਧ ਪਰਮੇਸ਼ੁਰ ਵੱਲੋਂ ਸਹੀ ਬੁੱਧ, ਦੈਵਿਕ ਗਿਆਨ ਨਹੀਂ ਹੈ, ਅਤੇ ਸੁਭਾਵਿਕ ਬੁੱਧ ਬਣ ਜਾਂਦੀ ਹੈ, ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਹੈ ਕਿ ਸਾਡੇ ਕੋਲ ਕਿੰਨਾ ਵਿਗਿਆਨ

ਹੈ, ਅਤੇ ਹੋਰ-ਕੀ ਕੁਝ ਹੈ, ਜਾਂ ਸਿੱਖਿਆ, ਇਹ ਸ਼ੈਤਾਨ ਵੱਲੋਂ ਹੈ। ਜੇ ਪ੍ਰਭੂ ਦੀ ਇੱਛਾ ਹੋਈ, ਤਾਂ ਮੈਂ ਕੁਝ ਮਿੰਟਾਂ ਵਿੱਚ, ਮੈਂ ਤੁਹਾਡੇ ਲਈ ਇਸ ਨੂੰ ਸਾਬਤ ਕਰ ਦਿਆਂਗਾ। ਇਹ ਸ਼ੈਤਾਨ ਵੱਲੋਂ ਹੈ।

76 ਸਭਿਅਤਾ ਸ਼ੈਤਾਨ ਵੱਲੋਂ ਹੈ। ਮੈਨੂੰ ਹੁਣੇ ਹੀ ਇਸ ਤੇ ਪ੍ਰਚਾਰ ਕਰ ਕੇ ਹਟਿਆ ਹਾਂ। ਧਰਤੀ ਦੀ ਸਾਰੀ ਸੰਸਕ੍ਰਿਤੀ, ਵਿਗਿਆਨ ਦੀਆਂ ਸਾਰੀਆਂ ਸ਼ਕਤੀਆਂ, ਅਤੇ ਹਰ ਚੀਜ਼ ਸ਼ੈਤਾਨ ਦੀ ਹੈ। ਇਹ ਗਿਆਨ ਦੀ ਇੰਜੀਲ, ਉਸਦੀ ਸੀ, ਜਿਸਦਾ ਪ੍ਰਚਾਰ ਉਸਨੇ ਅਦਨ ਵਿੱਚ ਕੀਤਾ ਸੀ। ਅਤੇ ਉਸਨੇ ਉਸ ਗਿਆਨ ਨੂੰ, ਵਿਗਾੜ ਕੀਤੇ ਹੋਏ ਗਿਆਨ ਨੂੰ ਲਿਆ, ਜੋ ਪਰਮੇਸ਼ੁਰ ਦੇ ਬਚਨ ਅਤੇ ਇੱਛਾ ਅਤੇ ਯੋਜਨਾ ਦੇ ਉਲਟ ਸੀ। ਅਤੇ ਹੁਣ ਜੋ ਕੁਝ ਪਰਮੇਸ਼ੁਰ ਨੇ ਕੀਤਾ ਸੀ ਉਸ ਕੋਲ ਉਹੀ ਕੁਝ ਕਰਨ ਲਈ ਛੇ ਹਜ਼ਾਰ ਸਾਲ ਸਨ, ਪਰ ਇੱਕ ਦੂਸ਼ਿਤ ਤਰੀਕੇ ਨਾਲ, ਅਤੇ ਆਪਣੇ ਅਦਨ ਨੂੰ ਅੰਦਰ ਲਿਆਉਣ ਲਈ ਉਨਾ ਹੀ ਸਮਾਂ ਲਿਆ। ਹੁਣ ਧਰਤੀ ਉੱਤੇ ਉਸ ਕੋਲ ਇੱਕ ਅਦਨ ਹੈ, ਅਤੇ ਇਹ ਬੁੱਧੀ, ਗਿਆਨ ਨਾਲ ਭਰਿਆ ਹੋਇਆ ਹੈ। ਇਹ ਸ਼ੁਰੂਆਤ ਵਿੱਚ ਉਸਦੀ ਇੰਜੀਲ ਸੀ, ਗਿਆਨ, ਬੁੱਧ, ਵਿਗਿਆਨ। ਪਰਮੇਸ਼ੁਰ ਨੇ ਕਦੇ ਵੀ ਅਜਿਹੀਆਂ ਚੀਜਾਂ ਨਹੀਂ ਲਿਆਂਦੀਆਂ। ਅਤੇ ਮੈਂ—ਮੈਂ ਚਾਹੁੰਦਾ ਹਾਂ ਕਿ ਤੁਸੀਂ ਇੱਕ ਮਿੰਟ ਧਿਆਨ ਦਿਓ। ਉਸ ਨੇ ਅਜਿਹਾ ਕੀਤਾ, ਅਤੇ ਕਿਉਂਕਿ ਉਹ ਸੰਸਾਰਿਕ ਬੁੱਧੀ ਵਾਲਾ ਮਨੁੱਖ ਸੀ।

77 ਹੁਣ, ਇਹ ਕਹਿਣਾ ਔਖਾ ਹੈ। ਇਹ—ਇਹ ਬਹੁਤ ਹੀ ਔਖਾ ਹੈ, ਕਿਉਂਕਿ ਉਹਨਾਂ ਲੋਕਾਂ ਨਾਲ ਗੱਲ ਕਰਨਾ ਜੋ ਉਹੀ ਮਹਿਸੂਸ ਕਰਦੇ ਹਨ ਜਿਵੇਂ ਮੈਂ ਕਰਦਾ ਹਾਂ, ਅਤੇ ਜਿਸ ਤਰ੍ਹਾਂ ਮੈਂ ਕਈ ਸਾਲਾਂ ਤੋਂ ਰਿਹਾ ਹਾਂ। ਪਰ ਉਹਨਾਂ ਸੱਤ ਮੋਹਰਾਂ ਦੇ ਖੁੱਲਣ ਤੋਂ ਬਾਅਦ, ਉਹਨਾਂ ਦੂਤ ਤੋਂ ਜਿਹੜੇ ਪਹਾੜ ਦੇ ਬਿਲਕੁਲ ਪਿੱਛੇ,ਸਨ, *ਇਹ* ਇੱਕ ਨਵੀਂ ਕਿਤਾਬ ਬਣ ਗਈ ਹੈ। ਇਹ ਉਹ ਚੀਜ਼ਾਂ ਹਨ ਜੋ ਲੁਕਾ ਕੇ ਰੱਖੀਆਂ ਗਈਆਂ ਸਨ, ਪ੍ਰਗਟ ਕੀਤੀਆਂ ਜਾ ਰਹੀਆਂ ਹਨ ਜਿਵੇਂ ਪਰਕਾਸ਼ ਦੀ ਪੋਥੀ 10 ਵਿੱਚ ਪਰਮੇਸ਼ੁਰ ਨੇ ਵਾਅਦਾ ਕੀਤਾ ਸੀ, ਉਹ ਇਹ ਕਰੇਗਾ। ਅਤੇ ਅਸੀਂ ਭਾਗਾਂ ਵਾਲੇ ਲੋਕ ਹਾਂ ਜਿਨ੍ਹਾਂ ਨੂੰ ਪਰਮੇਸ਼ੁਰ ਨੇ, ਧਰਤੀ ਤੋਂ ਚੁਣਿਆ ਹੈ, ਤਾਂ ਜੋ ਅਸੀਂ ਇਨ੍ਹਾਂ ਚੀਜ਼ਾਂ ਨੂੰ ਵੇਖੀਏ ਅਤੇ ਸਮਝ ਸਕੀਏ; ਜੋ ਕੋਈ ਮਨਘੜੰਤ ਕਹਾਣੀ ਨਹੀਂ ਹੈ, ਵਿਅਕਤੀ ਦਾ ਸਰੀਰਕ ਮਨ ਇਸ ਨੂੰ ਘੜਨ ਦੀ ਕੋਸ਼ਿਸ ਕਰਦਾ ਹੈ। ਇਹ ਪਰਮੇਸ਼ੁਰ ਦਾ ਪ੍ਰਗਟ, ਸਾਬਤ ਹੋਇਆ ਬਚਨ ਹੈ, ਕਿ ਇਹ ਸਹੀ ਹੈ। ਵਿਗਿਆਨ ਦੁਆਰਾ ਨਹੀਂ, ਪਰ ਪਰਮੇਸ਼ੁਰ ਦੁਆਰਾ ਸਾਬਤ ਕੀਤਾ ਗਿਆ ਹੈ, ਕਿ ਇਹ ਸਹੀ ਹੈ। ਪਰਮੇਸ਼ੁਰ, ਜਿਵੇਂ ਮੈਂ ਇੱਕ ਸੰਦੇਸ਼ ਵਿੱਚ ਪਹਿਲਾਂ ਕਿਹਾ ਸੀ, ਪਰਮੇਸ਼ੁਰ ਨੂੰ ਉਸਦੇ ਬਚਨ ਦੀ ਵਿਆਖਿਆ ਕਰਨ ਲਈ ਕਿਸੇ ਦੀ ਲੋੜ ਨਹੀਂ ਹੈ। ਉਹ ਆਪ ਹੀ ਆਪਣਾ ਅਨੁਵਾਦਕ ਹੈ। ਉਹ ਕਹਿੰਦਾ ਹੈ ਕਿ

ਇਹ ਹੋਵੇਗਾ, ਅਤੇ ਇਹ ਹੋ ਜਾਂਦਾ ਹੈ। ਭਾਵ, ਉਹ—ਉਹ ਇਸ ਨੂੰ ਪੱਕਿਆਂ ਕਰਦਾ ਹੈ, ਜੋ ਇਸ ਦਾ ਅਨੁਵਾਦ ਕਰ ਦਿੰਦਾ ਹੈ।

78 ਕੁਝ ਸਾਲ ਪਹਿਲਾਂ, ਜਦੋਂ ਅਸੀਂ ਪੈਂਟੀਕੋਸਟਲ ਲੋਕ, ਜਦੋਂ ਦੂਜੀਆਂ ਕਲੀਸਿਯਾਵਾਂ ਨੇ ਸਾਨੂੰ ਕਿਹਾ ਕਿ ਅਸੀਂ "ਪਾਗਲ" ਸਾਂ, ਅਸੀਂ "ਪਵਿੱਤਰ ਆਤਮਾ ਨਹੀਂ ਪਾ ਸਕਦੇ, ਇਹ ਬੀਤੇ ਸਮੇਂ ਦੀ ਗੱਲ ਹੈ।" ਪਰ ਸਾਨੂੰ ਪਤਾ ਲੱਗਦਾ ਹੈ ਕਿ ਪਰਮੇਸ਼ੁਰ ਦਾ ਵਾਅਦਾ ਸੀ ਕਿ ਜੋ ਕੋਈ ਵੀ ਚਾਹੇਗਾ, ਅਤੇ ਹੁਣ ਅਸੀਂ ਕੁਝ ਹੋਰ ਜਾਣਦੇ ਹਾਂ। ਦੇਖੋ, ਅਤੇ ਬਸ ਥੋੜੀ-ਥੋੜੀ ਕਰਕੇ, ਇਹ ਚੀਜ਼ ਖੁੱਲ੍ਹ ਗਈ ਹੈ।

79 ਅਤੇ ਹੁਣ ਉਸਨੇ ਵਾਅਦਾ ਕੀਤਾ ਕਿ ਉਹ ਭੇਤ, ਜੋ ਉਹਨਾਂ ਸਾਰੇ ਕਲੀਸਿਯਾਈ ਯੁਗਾਂ ਵਿੱਚ ਲੁਕੇ ਹੋਏ ਸਨ, ਬਿਲਕੁਲ ਅੰਤ ਸਮੇਂ ਤੇ ਪ੍ਰਗਟ ਕੀਤੇ ਜਾਣਗੇ। ਅਤੇ ਉਹ ਸਾਨੂੰ ਹੁਣ ਦੱਸਦਾ ਹੈ। ਅਸੀਂ ਅੰਤ ਸਮੇਂ ਵਿੱਚ ਹਾਂ। ਅਸੀਂ ਹੁਣ ਇੱਥੇ ਹਾਂ।

80 ਹੁਣ, ਸ਼ਤਾਨ ਸਭਿਅਤਾ ਦਾ ਨਿਰਮਾਤਾ ਹੈ। ਉਹ ਵਿਗਿਆਨ ਦਾ ਨਿਰਮਾਤਾ ਹੈ। ਉਹ ਸਿੱਖਿਆ ਦਾ ਨਿਰਮਾਤਾ ਹੈ।

ਤੁਸੀ ਕਹੋਗੇ, "ਕੀ ਇਹ ਸੱਚ ਹੈ?"

81 ਠੀਕ ਹੈ, ਆਓ ਹੁਣ ਅਸੀਂ ਪਰਮੇਸ਼ੁਰ ਦੇ ਵਚਨ ਵਿੱਚੋਂ ਪੜ੍ਹੀਏ, ਉਤਪਤ 4, ਅਤੇ ਆਓ ਪਿੱਛੇ ਚੱਲੀਏ ਅਤੇ ਇੱਕ ਮਿੰਟ ਲਈ ਵੇਖੀਏ। ਮੈਨੂੰ ਪਤਾ ਹੈ ਕਿ ਮੈਂ ਸ਼ਾਇਦ…ਜੇ ਮੈਂ ਬਹੁਤ ਜਿਆਦਾ ਸਮਾਂ ਲਿਆ, ਤਾਂ ਹੋ ਸਕਦਾ ਹੈ ਭਾਈ ਕਾਰਲ ਮੈਨੂੰ ਦੱਸ ਦੇਣ। ਪਰ, ਉਤਪਤ, ਚੌਥਾ ਅਧਿਆਇ, ਅਤੇ 16ਵੀਂ ਆਇਤ, ਇੱਥੇ ਦੱਸਦੀ ਹੋਈ ਅੱਗੇ ਜਾਂਦੀ ਹੈ, ਸ਼ੁਰੂ ਵਿੱਚ, ਪਰਮੇਸ਼ੁਰ ਨੇ ਆਦਮੀ ਅਤੇ ਤੀਵੀਂ ਨੂੰ, ਸਰਾਪ ਦੇਣ ਲਈ ਕੀ ਕੀਤਾ, ਅਤੇ ਉਹ ਸਭ ਕੁਝ ਜੋ ਉਨ੍ਹਾਂ ਨੇ ਕਰਨਾ ਪੈਣਾ ਸੀ; ਅਤੇ *ਸਰਾਪ* ਉਨ੍ਹਾਂ ਤੇ ਨਹੀਂ ਸੀ, ਪਰ ਉਨ੍ਹਾਂ ਨੂੰ ਦੱਸਿਆ ਕਿ ਕੀ ਹੋਵੇਗਾ, ਅਤੇ ਆਦਮ ਦੀ ਖਾਤਰ ਜ਼ਮੀਨ ਨੂੰ ਸਰਾਪ ਦਿੱਤਾ। ਅਤੇ ਸਾਨੂੰ ਹੁਣ ਇੱਥੇ ਪਤਾ ਲੱਗਦਾ ਹੈ, ਕਿ ਹੱਵਾ ਕੋਲ ਜੁੜਵਾ ਬੱਚੇ ਸਨ। ਅਤੇ ਉਨ੍ਹਾਂ ਵਿੱਚੋਂ ਇੱਕ ਸ਼ੈਤਾਨ ਤੋਂ ਸੀ, ਅਤੇ ਇੱਕ ਪਰਮੇਸ਼ੁਰ ਤੋਂ ਸੀ।

ਹੁਣ ਤੁਸੀਂ ਕਹਿੰਦੇ ਹੋ, "ਊਂ-ਹੂੰ! ਨਹੀਂ। ਹੁਣ, ਭਾਈ ਬ੍ਰਨਹਾਮ!"

82 ਬੱਸ ਇੱਕ ਮਿੰਟ। ਤੁਸੀਂ ਮੈਨੂੰ ਕਿਤੇ ਵੀ ਇੱਕ ਲਿਖਤ ਲੱਭ ਕੇ ਦਿਓ, ਜੋ ਕਹਿੰਦੀ ਹੈ ਕਿ ਕਾਇਨ ਆਦਮ ਦਾ ਪੁੱਤਰ ਸੀ। ਮੈਂ ਤੁਹਾਨੂੰ ਵਚਨ ਵਿੱਚ ਦਿਖਾਵਾਂਗਾ ਜਿੱਥੇ ਇਹ ਕਹਿੰਦਾ ਹੈ, "ਕਾਇਨ ਉਸ ਦੁਸ਼ਟ ਤੋਂ ਸੀ," ਆਦਮ ਤੋਂ ਨਹੀਂ।

83 ਜਦੋਂ ਉਹ ਇੱਥੇ ਗਰਭਵਤੀ ਹੁੰਦੀ ਹੈ ਤਾਂ ਧਿਆਨ ਦਿਓ। ਅਸੀਂ ਪਹਿਲਾਂ, ਚੌਥੇ ਅਧਿਆਇ ਤੋਂ ਸ਼ੁਰੂ ਕਰਦੇ ਹਾਂ।

*ਤਦ ਆਦਮ ਨੇ...ਆਪਣੀ ਪਤਨੀ ਨਾਲ ਸੰਗ ਕੀਤਾ; ਅਤੇ ਉਹ ਗਰਭਣੀ ਹੋਈ ਅਤੇ ਕਇਨ ਨੂੰ ਜਣੀ, ਅਤੇ ਆਖਿਆ, ਮੈਂ ਇੱਕ...* ਹੁਣ ਉਸਨੇ ਕਿਹਾ ਸੀ, *ਮੈਂ ਇੱਕ ਪੁੱਤਰ* ***ਯਹੋਵਾਹ*** *ਕੋਲੋਂ ਪ੍ਰਾਪਤ ਕੀਤਾ।*

84 ਬੇਸ਼ੱਕ, ਇਹ ਹੋਣਾ ਚਾਹੀਦਾ ਸੀ। ਕੋਈ ਫ਼ਰਕ ਨਹੀਂ ਪੈਂਦਾ ਕਿ ਇਹ ਵੇਸਵਾ ਜਾਂ ਕੋਈ ਵੀ ਹੋਵੇ, ਇਹ ਪਰਮੇਸ਼ੁਰ ਤੋਂ ਹੀ ਆਉਣਾ ਸੀ, ਦੇਖੋ, ਕਿਉਂਕਿ ਇਹ ਉਸਦਾ ਬੀਜ ਹੈ, ਇਹ ਉਸਦੇ ਬੀਜ ਦਾ ਨਿਯਮ ਹੈ, ਇਸ ਨੇ ਤਾਂ ਪੈਦਾ ਕਰਨਾ ਹੀ ਹੈ ਭਾਵੇਂ ਇਹ ਭ੍ਰਿਸ਼ਟ ਬੀਜ ਹੈ, ਵਿਗੜਿਆ ਹੋਇਆ ਬੀਜ ਹੈ, ਜਾਂ ਜੋ ਵੀ ਹੈ। ਇਹ ਕਿਸੇ ਵੀ ਤਰ੍ਹਾਂ, ਪੈਦਾ ਕਰੇਗਾ। ਇਹ ਉਸਦਾ ਹੁਕਮ ਹੈ।

*ਅਤੇ ਫੇਰ ਉਹ ਉਸ ਦੇ ਭਰਾ ਹਾਬਲ ਨੂੰ ਜਣੀ।*

85 ਉਸ ਨਾਲ ਹੋਰ ਸੰਗ ਨਹੀਂ ਕੀਤਾ। ਆਦਮ ਨੇ ਆਪਣੀ ਪਤਨੀ ਨਾਲ ਸੰਗ ਕੀਤਾ, ਅਤੇ ਉਸ ਨੇ ਕਾਇਨ ਅਤੇ ਹਾਬਲ ਨੂੰ ਵੀ ਜਨਮ ਦਿੱਤਾ, ਜੁੜਵਾ। ਉਸ ਸਵੇਰ ਸ਼ੈਤਾਨ ਉਸ ਦੇ ਨਾਲ ਸੀ, ਦੁਪਹਿਰ ਨੂੰ ਆਦਮ।

86 ਤੁਸੀਂ ਇੱਥੇ ਅਖਬਾਰ ਵਿੱਚ ਵੱਡਾ ਵਿਵਾਦ ਵੇਖਿਆ ਹੋਵੇਗਾ, ਮੇਰਾ ਮੰਨਣਾ ਹੈ, ਹੁਣ ਟਯੂਸਾਨ ਵਿੱਚ, ਇੱਕ ਇਸਤ੍ਰੀ ਬਾਰੇ ਜਿਸਨੇ ਇੱਕੋ ਸਮੇਂ ਤੇ, ਇੱਕ ਕਾਲੇ ਅਤੇ ਇੱਕ ਗੌਰੇ ਬੱਚੇ ਨੂੰ ਜਨਮ ਦਿੱਤਾ। ਉਹ ਉਸ ਸਵੇਰੇ ਆਪਣੇ ਪਤੀ ਨਾਲ ਰਹੀ, ਅਤੇ ਦੁਪਹਿਰ ਨੂੰ ਉਸ ਆਦਮੀ ਨਾਲ। ਅਤੇ ਆਦਮੀ ਦੇਖਭਾਲ ਕਰੇਗਾ...ਗੋਰੇ ਨੇ ਕਿਹਾ ਕਿ ਉਹ ਆਪਣੇ ਬੱਚੇ ਦੀ ਦੇਖਭਾਲ ਕਰੇਗਾ, ਪਰ ਕਾਲੇ ਆਦਮੀ ਨੂੰ ਆਪਣੇ ਬੱਚੇ ਦਾ ਖਿਆਲ ਰੱਖਣਾ ਪਵੇਗਾ। ਵੇਖਿਆ? ਮੈਂ ਜਾਣਦਾ ਹਾਂ ਕਿ, ਕੁੱਤਿਆਂ ਦੇ ਅਤੇ ਇਸ ਤਰ੍ਹਾਂ ਦੇ ਪ੍ਰਜਨਨ ਵਿੱਚ, ਇਹ ਨਿਸ਼ਚਤ ਤੌਰ ਤੇ ਹੋਵੇਗਾ, ਜੇਕਰ ਇਹ ਕੁਝ ਘੰਟਿਆਂ ਬਾਅਦ ਹੁੰਦਾ ਹੈ। ਇਹ ਇਸ ਨੂੰ ਸਾਬਤ ਕਰਦਾ ਹੈ।

87 ਹੁਣ ਇਹ ਦਿਖਾਉਣ ਲਈ ਕਿ ਸਭਿਅਤਾ ਕਿੱਥੋਂ ਆਉਂਦੀ ਹੈ, ਆਉ ਹੁਣ ਉਤਪਤ ਵਿੱਚੋਂ ਪੜ੍ਹੀਏ, ਦੁਬਾਰਾ ਉਤਪਤ ਦੇ ਚੌਥੇ ਅਧਿਆਇ ਵਿੱਚੋਂ, ਅਤੇ ਵੇਖੀਏ ਕਿ ਕਿੱਥੇ। 16ਵੀਂ ਆਇਤ।

*ਅਤੇ ਕਇਨ ਪਰਮੇਸ਼ੁਰ ਦੇ ਹਜੂਰੋਂ ਚੱਲਿਆ ਗਿਆ, ਅਤੇ ਅਦਨ ਦੇ ਚੜ੍ਹਦੇ ਪਾਸੇ, ਨੋਦ ਦੇਸ ਵਿੱਚ ਜਾ ਵੱਸਿਆ।*

*ਅਤੇ ਕਇਨ ਨੇ ਆਪਣੀ ਤੀਵੀਂ ਨਾਲ ਸੰਗ ਕੀਤਾ; ਅਤੇ ਉਹ ਗਰਭਣੀ ਹੋਈ, ਅਤੇ ਹਨੋਕ ਨੂੰ ਜਣੀ: ਅਤੇ ਉਸ ਨੇ ਇੱਕ ਨਗਰ*

*ਬਣਾਇਆ, ਅਤੇ ਉਸ ਨੇ ਉਸ ਨਗਰ ਦੇ ਨਾਉਂ ਨੂੰ...ਆਪਣੇ ਪੁੱਤ ਦੇ ਨਾਉਂ ਉੱਤੇ, ਹਨੋਕ ਰੱਖਿਆ।*

88 ਸੱਭਿਅਤਾ ਦੀ ਸ਼ੁਰੂਆਤ ਹੋਈ। ਡਾਕਟਰ ਸਕੋਫੀਲਡ, ਇੱਥੇ ਮੇਰੀ ਸਕੋਫੀਲਡ ਬਾਈਬਲ ਵਿੱਚ, ਇਹ ਕਹਿੰਦਾ ਹੈ, "ਪਹਿਲੀ ਸਭਿਅਤਾ।" ਧਿਆਨ ਦਿਓ, ਫਿਰ ਉਸ ਦੇ ਪੁੱਤਰ ਪੈਦਾ ਹੋਏ, ਅਤੇ ਉਨ੍ਹਾਂ ਨੇ ਸੰਗੀਤ ਅਤੇ ਸਾਜ ਬਣਾਏ। ਉਸ ਤੋਂ ਅਗਲੇ ਦੇ ਪੁੱਤਰ ਹੋਏ, ਅਤੇ ਉਹ ਹੋਰ ਕੰਮ ਕਰਨ ਲੱਗ ਪਿਆ, ਅਚੰਭੇ, ਸ਼ਹਿਰ ਬਣਾਏ, ਅਤੇ—ਅਤੇ ਪਿੱਤਲ ਦੇ ਯੰਤਰ, ਅਤੇ ਹਰ ਪ੍ਰਕਾਰ ਦੀਆਂ ਚੀਜ਼ਾਂ ਬਣਾਈਆਂ। ਦੇਖੋ, ਇਹ ਉਹੀ ਹੈ ਜੋ ਉਸਨੇ ਕੀਤਾ, ਪਹਿਲੀ ਸਭਿਅਤਾ ਬਣ ਗਈ, ਜੋ ਕਨਾਨੀ ਸਨ। ਉਸਨੇ ਸਦੀਆਂ ਤੋਂ ਇਹੀ ਕੰਮ ਕੀਤਾ ਹੈ।

89 ਹੁਣ ਆਓ 25ਵੀਂ ਆਇਤ ਦੇ ਨਾਲ ਉੱਥੇ ਪਹੁੰਚੀਏ, ਅਤੇ ਦੇਖਦੇ ਹਾਂ ਕਿ ਅੱਗੇ ਕੀ ਸੀ।

*ਅਤੇ ਆਦਮ ਨੇ ਫੇਰ ਆਪਣੀ ਤੀਵੀਂ ਨਾਲ ਸੰਗ ਕੀਤਾ, ਹੁਣ, ਅਤੇ ਉਹ ਪੁੱਤ ਜਣੀ, ਉਹ ਦਾ ਨਾਉਂ ਸੇਥ ਰੱਖਿਆ: ਕਿ ਪਰਮੇਸ਼ੁਰ ਨੇ, ਉਸਨੇ ਕਿਹਾ, ਮੈਨੂੰ ਇੱਕ ਹੋਰ ਵੰਸ ਹਾਬਲ ਦੀ ਥਾਂ ਜਿਹ ਨੂੰ ਕਇਨ ਨੇ ਵੱਢ ਸੁੱਟਿਆ ਸੀ ਦੇ ਦਿੱਤੀ ਹੈ।*

*ਅਤੇ ਸੇਥ...ਅਤੇ ਸੇਥ ਤੋਂ ਵੀ, ਇੱਕ ਪੁੱਤ੍ਰ ਜੰਮਿਆਂ; ਅਤੇ ਉਸ ਨੇ ਉਹ ਦਾ ਨਾਉਂ ਅਨੋਸ਼ ਰੱਖਿਆ: ਅਤੇ ਉਸ ਵੇਲੇ ਤੋਂ ਲੋਕ* ***ਯਹੋਵਾਹ*** *ਦਾ ਨਾਮ ਲੈਣ ਲੱਗੇ* (ਸੇਥ ਵਾਲੇ ਪਾਸਿਓਂ, ਕਨਾਨੀਆਂ ਵੱਲੋਂ ਨਹੀਂ)।

90 ਦੇਖੋ, ਉਹ ਮਹਾਨ ਬੁੱਧੀਜੀਵੀ ਜਿਸ ਨੂੰ ਅਸੀਂ ਸਾਰੇ ਫੜੀ ਰੱਖਦੇ ਹਾਂ! ਅੱਜ ਸਾਮਵਾਦ ਕੀ ਹੈ, ਉਨ੍ਹਾਂ ਦਾ ਦੇਵਤਾ ਕੀ ਹੈ? ਇਹ ਬੌਧਿਕ, ਵਿਗਿਆਨ ਹੈ। ਜੋ ਕੁਝ ਵੀ ਹੈ, ਅਸੀਂ ਕੀ ਕਰ ਰਹੇ ਹਾਂ? ਅਸੀਂ ਕਿੱਥੇ ਰਹਿ ਰਹੇ ਹਾਂ? ਅੱਜ ਇਨ੍ਹਾਂ ਸ਼ਬਦਾਂ ਤੇ ਗੌਰ ਕਰੋ।

91 ਹੁਣ ਉਸ ਕੋਲ ਆਪਣੀ ਕਿਸਮ ਦਾ ਅਦਨ ਹੈ, ਹੁਣ ਸ਼ਤਾਨ ਕੋਲ ਹੈ। ਇਹਨਾਂ ਛੇ ਹਜ਼ਾਰ ਸਾਲਾਂ ਵਿੱਚ, ਉਸਨੇ ਬਣਾਇਆ (ਸ੍ਰਿਸ਼ਟੀ ਨਹੀਂ ਕੀਤੀ), ਪਰ, ਪਰਮੇਸ਼ੁਰ ਦੀ ਸਾਰੀ ਧਰਤੀ ਨੂੰ ਵਿਗਾੜ ਦਿੱਤਾ, ਉਸਦੇ ਜੀਵ, ਜਾਨਵਰ, ਅੰਤਰ-ਪ੍ਰਜਨਨ, ਦੋਗਲੀਆਂ ਨਸਲਾਂ; ਰੁੱਖ, ਪੌਦੇ, ਮਨੁੱਖ; ਇੱਥੋਂ ਤੱਕ ਕਿ ਧਰਮ, ਬਾਈਬਲ, ਕਲੀਸਿਯਾ; ਇੱਥੋਂ ਤੱਕ ਕਿ ਉਸ ਨੇ ਆਪਣੇ ਆਪ ਲਈ ਇੱਕ ਇੱਕ ਪੂਰਾ ਅਦਨ ਦਾ ਬਾਗ ਬਣਾ ਲਿਆ ਹੈ, ਵਿਗਿਆਨ ਦਾ, ਜਿਸ ਵਿੱਚ ਸਭ ਕੁਝ ਵਿਗਿਆਨ ਦੁਆਰਾ ਚੱਲ ਰਿਹਾ ਹੈ। ਸਾਡੀਆਂ ਮੋਟਰ ਗੱਡੀਆਂ, ਸਾਡੇ ਕੋਲ ਜੋ ਵੀ ਹੈ, ਉਹ ਸਾਨੂੰ ਵਿਗਿਆਨ ਦੁਆਰਾ ਦਿੱਤਾ ਗਿਆ

ਸੀ, ਜੋ ਮਨੁੱਖ ਨੇ ਕੀਤਾ ਹੈ। ਅਤੇ ਉਸ ਕੋਲ ਇੱਥੇ ਆਪਣਾ ਮਹਾਨ ਅਦਨ ਹੈ; ਸੰਦੇਸ਼ ਨੂੰ ਸਮੇਂ ਸਿਰ ਸਾਬਤ ਕਰਨ ਲਈ, ਇਹ ਸਾਬਤ ਕਰਨ ਲਈ ਕਿ ਇਹ ਕੋਈ ਹੋਰ ਯੁੱਗ ਨਹੀਂ ਪਰ ਪਰਕਾਸ਼ ਦੀ ਪੋਥੀ 10 ਹੈ! ਅੱਜ ਦੋਗਲੀਆਂ ਨਸਲਾਂ ਨੂੰ ਦੇਖੋ, ਇੱਕ ਬਿਹਤਰ, ਜਾਂ, ਬਿਹਤਰ ਨਹੀਂ, ਸਗੋਂ ਸੁੰਦਰ ਬਣਾਉਣ ਦੀ ਕੋਸ਼ਿਸ। ਅੱਜ ਛੋਟੇ ਬੱਚਿਆਂ ਵੱਲ ਦੇਖੋ।

92 ਮੈਂ ਕੱਲ੍ਹ ਆਪਣੀ ਧੀ ਨੂੰ ਦੰਦਾਂ ਦੇ ਡਾਕਟਰ ਕੋਲ ਲੈ ਕੇ ਗਿਆ ਸੀ, ਅਤੇ ਉਸਨੇ ਕਿਹਾ ਕਿ ਉਸਦੇ ਦੰਦ ਟੇਢੇ ਹੋ ਰਹੇ ਸਨ। ਟਯੂਸਾਨ ਵਿੱਚ ਇੱਕ ਭਾਈ, ਭਾਈ ਨੌਰਮਨ, ਉਸ ਦੀ ਛੋਟੀ ਧੀ ਸੀ, ਅਤੇ ਉਸਦੇ ਦੰਦ ਨਿਕਲ ਰਹੇ ਸਨ। ਅਤੇ ਦੰਦਾਂ ਦਾ ਡਾਕਟਰ ਕਹਿੰਦਾ ਹੈ ਕਿ ਜਲਦੀ ਹੀ, ਉਹ ਵਿਸ਼ਵਾਸ ਕਰਦਾ ਹੈ, ਹੋ ਸਕਦਾ ਹੈ ਆਉਣ ਵਾਲੇ ਸਮੇਂ ਵਿੱਚ, ਕਿ ਲੋਕ ਪੈਦਾ ਹੋਣਗੇ, ਦੰਦ ਕਿਸੇ ਵੀ ਪਾਸੇ ਨੂੰ ਵਧਣਗੇ। ਇਹ ਉਹ ਭੋਜਨ ਹੈ ਜੋ ਅਸੀਂ ਖਾ ਰਹੇ ਹਾਂ, ਦੋਗਲਾ ਭੋਜਨ।

93 ਕੀ ਪਿਛਲੇ ਮਹੀਨੇ, ਤੁਸੀਂ ਸ਼ਾਨਦਾਰ ਪ੍ਰਚਾਰਕ, ਬਿਲੀ ਗ੍ਰਾਹਮ ਬਾਰੇ *ਰੀਡਰਜ਼ ਡਾਇਜੈਸਟ* ਵਿੱਚ ਪੜ੍ਹਿਆ ਸੀ? ਕੀ ਤੁਸੀਂ ਉਸਨੂੰ ਸੁਣਿਆ ਹੈ? ਮੈਂ ਉਸ ਲਈ ਹੁਣ ਪਹਿਲਾਂ ਨਾਲੋਂ ਵੀ ਜ਼ਿਆਦਾ ਪ੍ਰਾਰਥਨਾ ਕਰਦਾ ਹਾਂ। ਜਦੋਂ ਉਸ ਨੇ ਉਨ੍ਹਾਂ ਮੋੜਵੇਂ ਕਾਲਰਾਂ ਵਾਲਿਆਂ ਨਾਲ ਗੱਲ ਕੀਤੀ, ਅਤੇ ਇਸੇ ਤਰ੍ਹਾਂ, ਉਸ ਰਾਤ, ਇਸ ਨੂੰ ਉਸ ਪਾਦਰੀ ਵਰਗ ਵਿੱਚ ਰੱਖਿਆ। ਉਸ ਨੂੰ ਕੁਝ ਹੋ ਗਿਆ ਹੈ। ਇਹਨਾਂ ਦਿਨਾਂ ਵਿੱਚੋਂ ਕਿਸੇ ਦਿਨ, ਮੈਂ ਉਮੀਦ ਕਰਦਾ ਹਾਂ ਕਿ ਉਹ ਅਹੁਦੇ ਨੂੰ ਵੇਖੇ ਜਿੱਥੇ ਉਹ ਹੈ, ਧਿਆਨ ਦਿਓ, ਹੁਣ ਸਦੂਮ ਤੋਂ ਪੁਕਾਰ ਆ ਰਹੀ ਹੈ, ਉਸ ਦੂਸ਼ਿਤ ਸ਼ਹਿਰ ਵਿੱਚੋਂ। ਅਤੇ ਹੁਣ *ਰੀਡਰਜ਼ ਡਾਈਜੈਸਟ* ਵਿੱਚ ਇਸ ਵੱਲ ਧਿਆਨ ਦਿਓ, ਬਿਲੀ ਇੰਨਾ ਕਮਜ਼ੋਰ ਹੋ ਗਿਆ ਸੀ ਕਿ ਉਹ ਆਪਣੀਆਂ ਸਭਾਵਾਂ ਵੀ ਨਹੀਂ ਰੱਖ ਸਕਦਾ ਸੀ। ਅਤੇ ਉਨ੍ਹਾਂ ਨੇ ਉਸਨੂੰ ਦੱਸਿਆ ਕਿ ਉਸਨੂੰ ਭੱਜਣਾ ਪਵੇਗਾ, ਕਸਰਤ ਕਰਨੀ ਪਵੇਗੀ, ਅਤੇ ਵਗੈਰਾ ਵਗੈਰਾ। ਇਸ ਲਈ ਉਹ ਹਰ ਰੋਜ਼ ਇੱਕ ਮੀਲ ਦੌੜਦਾ ਹੈ, ਮੇਰਾ ਮੰਨਣਾ ਹੈ ਕਿ ਇਹੀ ਜਾਂ ਹੋਰ ਕੁਝ ਕਰਦਾ ਹੈ, ਕਸਰਤ ਕਰਨ ਲਈ।

94 ਮਨੁੱਖ ਸੜਿਆ ਹੋਇਆ ਹੈ। ਸਾਰੀ ਮਨੁੱਖ ਜਾਤੀ ਭ੍ਰਿਸ਼ਟ ਹੋ ਚੁੱਕੀ ਹੈ। ਸਭ ਕੁਝ ਅਜਿਹਾ ਹੀ ਹੈ ਜਿਵੇਂ ਕਿ ਇਹ ਹੜ ਦੇ ਸਮੇਂ ਵਿੱਚ ਸੀ। ਇਹ ਪੂਰੀ ਤਰ੍ਹਾਂ ਅਸ਼ਾਂਤ, ਉਲਟ ਪੁਲਟ, ਉਸ ਸਿੱਧੀ ਕਤਾਰ ਤੋਂ ਜਿਸ ਵਿੱਚ ਪਰਮੇਸ਼ੁਰ ਨੇ ਉਨ੍ਹਾਂ ਨੂੰ ਲਾਇਆ ਸੀ ਵੱਖਰੀ ਹੋ ਗਈ ਹੈ। ਪਾਪ ਨੇ, ਵਿਗਿਆਨ ਅਤੇ ਧੋਖੇ ਰਾਹੀਂ, ਸਮੁੱਚੀ ਮਨੁੱਖ ਜਾਤੀ ਨੂੰ ਮਰੋੜ ਕੇ ਰੱਖ ਦਿੱਤਾ ਹੈ।

95 ਕੀ ਤੁਸੀਂ ਉਸ ਲੇਖ ਦੇ ਬਿਲਕੁਲ ਹੇਠਾਂ ਵੀ ਪੜ੍ਹਿਆ ਹੈ, ਜਿੱਥੇ ਇਹ

ਕਿਹਾ ਗਿਆ ਸੀ, "ਇਨ੍ਹੀਂ ਦਿਨੀਂ, ਉਹ ਛੋਟੇ ਲੜਕੇ ਅਤੇ ਲੜਕੀਆਂ, ਸਰੀਰਕ ਬਣਤਰ ਦੇ ਹਿਸਾਬ ਨਾਲ ਅੱਧਖੜ ਉਮਰ ਵਿੱਚ ਹਨ, ਵੀਹ ਅਤੇ ਪੱਚੀ ਸਾਲ ਦੀ ਉਮਰ ਦੇ ਵਿਚਕਾਰ"? ਇਸ ਬਾਰੇ ਸੋਚੋ।

96 ਉਸ ਰਾਤ ਦਿਲਾਂ ਦੇ ਭੇਤਾਂ ਨੂੰ ਬੁਝਦੇ ਹੋਏ, ਮੈਂ ਇੱਕ ਬਾਈ ਸਾਲ ਦੀ ਕੁੜੀ ਨੂੰ ਲਿਆ, ਰਜੋ-ਨਿਵਿਰਤੀ ਵਿੱਚ, ਉਸਨੂੰ ਬੁਲਾਇਆ। ਅਤੇ ਇਹੀ ਕੁਝ ਉਸਦੇ ਡਾਕਟਰ ਨੇ ਉਸਨੂੰ ਦੱਸਿਆ ਸੀ।

97 ਦੇਖੋ, ਇਹ ਭ੍ਰਿਸ਼ਟ, ਨੀਚ, ਨਰਕ ਲਈ ਤਿਆਰ ਨਸਲ ਹੈ। ਮੈਂ ਜਾਣਦਾ ਹਾਂ ਕਿ ਇਹ ਸੁਣਨ ਵਿੱਚ ਨੈਤਿਕ ਨਹੀਂ ਲੱਗਦਾ, ਪਰ ਇਹ ਬਾਈਬਲ ਹੈ, ਦੇਖੋ, ਇਹ ਸੱਚ ਹੈ; ਅਤੇ ਇਹ ਨਸਲ ਜਿਸ ਵਿੱਚ ਅਸੀਂ ਰਹਿ ਰਹੇ ਹਾਂ, ਲੋਕਾਂ ਦੀ ਇਹ ਪੀੜ੍ਹੀ।

98 ਅੱਜ ਧਿਆਨ ਦਿਓ, ਦੋਗਲੇ ਪਸ਼ੂ, ਦੋਗਲੇ ਪੌਦੇ; ਅਤੇ ਵਿਗਿਆਨ ਦੁਬਾਰਾ ਵਾਪਸ ਆਉਂਦਾ ਹੈ, ਇਹ ਉਹੀ ਵਿਗਿਆਨ ਜਿਸਨੇ ਇਹ ਕੀਤਾ ਹੈ, ਕਹਿੰਦੇ ਹਨ, "ਇਹੀ ਹੈ ਜੋ ਸਮੁੱਚੀ ਮਨੁੱਖ ਜਾਤੀ ਦਾ ਨਾਸ਼ ਕਰ ਰਿਹਾ ਹੈ।" ਤੁਸੀਂ ਇਸ ਨੂੰ ਉਸੇ ਤਰ੍ਹਾਂ ਪੜ੍ਹੋ ਜਿਵੇਂ ਮੈਂ ਪੜ੍ਹਦਾ ਹਾਂ। ਅੱਛਾ, ਉਹ ਇਸਨੂੰ ਕਿਉਂ ਨਹੀਂ ਰੋਕਦੇ? ਕਿਉਂਕਿ ਉਹ ਇਸ ਨੂੰ ਰੋਕ ਨਹੀਂ ਸਕਦੇ। ਪਰਮੇਸ਼ੁਰ ਦੇ ਵਚਨ ਨੇ ਕਿਹਾ ਹੈ ਕਿ ਇਹ ਇਸ ਤਰ੍ਹਾਂ ਹੋਵੇਗਾ। ਪਰ ਜੇ ਉਹ ਇੱਕ ਮਿੰਟ ਲਈ ਸੋਚਣ, ਤਾਂ ਉਹ ਇੱਕ ਯੰਤਰ ਹਨ, ਜਿਵੇਂ ਯਹੂਦਾ ਇਸਕਰਿਯੋਤੀ ਸੀ, ਉਸੇ ਚੀਜ ਨੂੰ ਕਰ ਰਹੇ ਹਨ ਜੋ ਪਰਮੇਸ਼ੁਰ ਨੇ ਕਿਹਾ ਸੀ ਕਿ ਹੋਵੇਗਾ। ਇਹ ਇਸਨੂੰ ਬਿਲਕੁਲ ਆਪਣੇ ਵਿਗਿਆਨ ਦੇ ਆਧਾਰ ਤੇ ਕਰ ਰਿਹਾ ਹੈ।

99 ਆਪਣੀ ਵਿਗਿਆਨਕ ਪੜਚੋਲ ਦੁਆਰਾ, ਉਸੇ ਤਰ੍ਹਾਂ ਜਿਵੇਂ ਉਸਨੇ ਹੱਵਾ ਨੂੰ ਧੋਖਾ ਦਿੱਤਾ ਸੀ, ਉਸਨੇ ਕਲੀਸਿਯਾ ਨੂੰ ਵੀ ਧੋਖਾ ਦਿੱਤਾ ਹੈ, ਜੋ ਉੱਥੇ ਹੱਵਾ ਦਾ ਨਮੂਨਾ ਸੀ। ਹੁਣ, ਹੁਣ ਦੁਬਾਰਾ ਆਦਮ, ਕਲੀਸਿਯਾ ਦਾ ਇੱਕ ਨਮੂਨਾ ਹੈ, ਸਗੋਂ, ਹੱਵਾ, ਧਿਆਨ ਦਿਓ ਕਿ ਇਸ ਨੇ ਕੀ ਕੀਤਾ। ਗਿਆਨ ਲਈ ਭਟਕਣ ਕਰਕੇ, ਉਹ ਸਹੀ ਅਤੇ ਗਲਤ ਦੇ ਵਿਚਕਾਰ ਦੀ ਲਕੀਰ ਨੂੰ ਪਾਰ ਕਰ ਜਾਂਦੀ ਹੈ, ਸ਼ੈਤਾਨ ਦੇ ਵਿਗਾੜ, ਜਾਂ ਪਰਮੇਸ਼ੁਰ ਦੇ ਮੂਲ ਬਚਨ ਦੇ ਵਿਗਾੜ ਨੂੰ ਸੁਣ ਕੇ।

100 ਅਤੇ ਹੁਣ ਅੱਜ ਦੀਆਂ ਕਲੀਸਿਯਾਵਾਂ ਵਿਗੜ ਚੁੱਕੀਆਂ ਹਨ। ਹੁਣ ਮੈਂ ਲੋਕਾਂ, ਵਿਅਕਤੀਆਂ ਦੀ ਗੱਲ ਨਹੀਂ ਕਰ ਰਿਹਾ। ਮੈਂ ਕਲੀਸਿਯਾ ਜਗਤ ਬਾਰੇ ਗੱਲ ਕਰ ਰਿਹਾ ਹਾਂ। ਇੱਕ ਨੂੰ ਇੱਕ ਤਰ੍ਹਾਂ ਨਾਲ ਮਰੋੜਿਆ ਜਾਂਦਾ ਹੈ, ਅਤੇ ਇੱਕ ਦੂਜੇ ਨੂੰ ਹੋਰ ਤਰ੍ਹਾਂ, ਅਤੇ, ਵਿਗਿਆਨ ਦੁਆਰਾ। ਉਸਨੇ ਉਸੇ ਤਰ੍ਹਾਂ ਕੀਤਾ ਹੈ। ਸ਼ਤਾਨ ਨੇ, ਯਸਾਯਾਹ 14:12 ਦੀ ਆਪਣੀ ਧਮਕੀ ਨੂੰ, ਪੂਰਾ ਕੀਤਾ ਹੈ।

101 ਆਓ ਇਸ ਨੂੰ ਇੱਕ ਮਿੰਟ ਲਈ ਪੜ੍ਹੀਏ। ਯਸਾਯਾਹ ਦੀ ਕਿਤਾਬ ਵਿੱਚ, ਆਓ 14ਵੇਂ ਅਧਿਆਇ ਦੀ, 12ਵੀਂ ਆਇਤ ਤੋਂ ਸ਼ੁਰੂ ਕਰੀਏ।

*ਤੂੰ ਅਕਾਸ਼ ਤੋਂ ਕਿਵੇਂ ਡਿੱਗ ਪਿਆ, ਹੇ ਲੂਸੀਫਰ, ਫ਼ਜਰ ਦੇ ਪੁੱਤ੍ਰ! ਤੂੰ ਕਿਵੇਂ ਧਰਤੀ ਤੇ ਕਿਵੇਂ ਸੁੱਟਿਆ ਗਿਆ, ਹੇ ਕੌਮਾਂ ਦੇ ਢਾਉਣ ਵਾਲੇ!*

ਇਹ ਯਸਾਯਾਹ ਹੈ ਜੋ ਉਸਨੂੰ ਇੱਕ ਦਰਸ਼ਣ ਵਿੱਚ ਵੇਖ ਰਿਹਾ ਹੈ, ਵੇਖੋ, ਆਉਣ ਵਾਲੇ ਯੁੱਗ ਵਿੱਚ।

*ਕਿਉਂਕਿ ਤੂੰ ਆਪਣੇ ਦਿਲ ਵਿੱਚ ਆਖਿਆ, ਮੈਂ ਅਕਾਸ਼ ਉੱਤੇ ਚੜ੍ਹ ਜਾਵਾਂਗਾ, ਪਰਮੇਸ਼ੁਰ ਦੇ ਤਾਰਿਆਂ ਤੋਂ ਉਤਾਹਾਂ ਮੈਂ ਆਪਣਾ ਸਿੰਘਾਸਣ ਉੱਚਾ ਧਰਾਂਗਾ: ਅਤੇ ਮੈਂ ਮੰਡਲੀ ਦੇ ਪਰਬਤ ਉੱਤੇ,... ਉੱਤਰ ਦੀਆਂ ਹੱਦਾਂ ਵਿੱਚ ਬੈਠਾਂਗਾ:*

102 ਸ਼ੈਤਾਨ ਦਾ, ਅਦਨ ਤੋਂ ਹੀ, ਮਕਸਦ ਸੀ ਕਿ ਆਪਣੇ ਲਈ ਇੱਕ ਅਦਨ ਬਣਾਵੇ; ਅਤੇ ਆਪਣੇ ਆਪ ਨੂੰ ਉੱਚਾ ਚੁੱਕੇ, ਤਾਂ ਜੋ ਪਰਮੇਸ਼ੁਰ ਦੇ ਤਾਰੇ, ਪੁੱਤਰ ਉਸਦੀ ਅਰਾਧਨਾ ਕਰਨ। ਅਤੇ ਹੁਣ ਉਸਨੇ ਇਸਨੂੰ ਬਿਲਕੁਲ ਪੂਰਾ ਕੀਤਾ ਹੈ, ਅਤੇ ਜਦੋਂ ਉਸਨੇ ਇਹ ਕੀਤਾ ਅਤੇ ਇਸਨੂੰ ਕਲੀਸਿਯਾ ਵਿੱਚ ਲੈ ਆਇਆ ਹੈ। ਜਿਸ ਦੇ, ਮੈਂ ਵੇਰਵਿਆਂ ਵਿੱਚ ਨਹੀਂ ਜਾਵਾਂਗਾ। ਤੁਹਾਡੇ ਵਿੱਚੋਂ ਕੋਈ ਵੀ ਜੋ ਉਨ੍ਹਾਂ ਦੀਆਂ ਟੇਪਾਂ ਨੂੰ ਸੁਣ ਰਿਹਾ ਹੈ ਇਸ ਬਾਰੇ ਜਾਣਦਾ ਹੈ। ਇਹ—ਇਹ ਬਿਲਕੁਲ ਉਹੀ ਸਮਾਂ ਹੈ ਜਿਸ ਵਿੱਚ ਅਸੀਂ ਰਹਿ ਰਹੇ ਹਾਂ, ਅਤੇ ਇਹ ਸ਼ੈਤਾਨ ਹੈ ਜਿਸਨੇ ਵਿਦਿਅਕ ਪ੍ਰੋਗਰਾਮ ਦੁਆਰਾ ਇਹ ਕੀਤਾ ਹੈ, ਵਧੀਆ ਨਾਪ, ਵਧੀਆ *ਇਹ*, ਵਧੀਆ *ਉਹ।* ਅਤੇ ਨਾ ਜਾਣਦੇ ਹੋਏ, ਉਹ ਹਰ ਸਮੇਂ, ਸਿੱਧੇ ਮੌਤ ਵੱਲ ਤੁਰ ਰਹੇ ਹਨ। ਅੰਨ੍ਹਾ, ਅੰਨ੍ਹੇ ਦੀ ਅਗਵਾਈ ਕਰ ਰਿਹਾ ਹੈ, ਕੌਮਾਂ ਦੇ ਅੰਨ੍ਹੇ ਆਗੂ, ਵਿਗਿਆਨ ਦੇ ਅੰਨ੍ਹੇ ਆਗੂ, ਕਲੀਸਿਯਾ ਦੇ ਅੰਨ੍ਹੇ ਆਗੂ, ਅੰਨ੍ਹਾ ਅੰਨ੍ਹੇ ਦੀ ਅਗਵਾਈ ਕਰ ਰਿਹਾ ਹੈ। ਯਿਸੂ ਨੇ ਕਿਹਾ, "ਉਨ੍ਹਾਂ ਨੂੰ ਇਕੱਲੇ ਛੱਡ ਦਿਓ, ਉਹ ਦੋਵੇਂ ਟੋਏ ਵਿੱਚ ਡਿੱਗਣਗੇ।"

103 ਇੱਥੇ ਦੋ ਕਿਸਮ ਦੇ ਅਦਨ ਤੇ ਧਿਆਨ ਦਿਓ ਜੋ ਇੰਨੀ ਨਜ਼ਦੀਕੀ ਨਾਲ ਮਿਲਾਏ ਗਏ ਹਨ, ਇੱਥੋਂ ਤੱਕ ਕਿ ਚੁਣੇ ਹੋਇਆਂ ਨੂੰ ਵੀ ਭਰਮਾ ਲੈਣ। ਮੱਤੀ 24:24 ਨੇ ਕਿਹਾ ਕਿ ਇਹ ਇਸ ਤਰ੍ਹਾਂ ਹੋਵੇਗਾ। ਪਰ ਮੈਂ ਚਾਹੁੰਦਾ ਹਾਂ ਕਿ ਅਸੀਂ ਕੁਝ ਪਲਾਂ ਲਈ ਰੁਕੀਏ ਅਤੇ ਇਨ੍ਹਾਂ ਦੋ ਅਦਨਾਂ ਤੇ ਵਿਚਾਰ ਕਰੀਏ, ਅਤੇ ਖਾਸ ਤੌਰ ਤੇ ਇਕ ਚੀਜ਼ ਤੇ, ਬਾਈਬਲ ਸਾਨੂੰ ਦੱਸਦੀ ਹੈ ਕਿ ਕਿਵੇਂ ਪਰਮੇਸ਼ੁਰ ਦੇ ਬਚਨ ਨੇ ਉਸ ਅਦਨ ਨੂੰ ਪੈਦਾ ਕੀਤਾ ਸੀ, ਅਤੇ ਕਿਵੇਂ ਪਰਮੇਸ਼ੁਰ ਦਾ ਬਚਨ ਸਾਨੂੰ ਚੇਤਾਵਨੀ ਦਿੰਦਾ ਹੈ ਕਿ ਦੂਜਾ ਅਦਨ ਆਵੇਗਾ।

104 ਹੁਣ, ਅਸੀਂ ਇਹ ਵੀ ਜਾਣਦੇ ਹਾਂ ਕਿ ਇੱਕ ਹੋਰ ਅਦਨ ਹੋਵੇਗਾ, ਜੇਕਰ ਅਸੀਂ ਨਬੀ, ਪੌਲੁਸ ਨੂੰ ਵੀ ਸੁਣੀਏ, ਦੂਜੇ ਥੱਸਲੁਨੀਕੀਆਂ ਦੇ ਦੂਜੇ ਅਧਿਆਇ ਵਿੱਚ। ਜੇ ਤੁਸੀਂ ਚਾਹੋ ਤਾਂ ਮੈਂ ਇਸਨੂੰ ਪੜ੍ਹ ਸਕਦਾ ਹਾਂ।

> ਉਹ ਜੋ ਆਪਣੇ ਆਪ ਨੂੰ ਉੱਚਾ ਚੁੱਕਦਾ ਹੈ; ਪ੍ਰਭੂ ਦਾ, ਉਹ *ਦਿਨ ਨਹੀਂ ਆਵੇਗਾ,* ਜਦੋਂ ਤੱਕ *ਉਹ ਪਾਪ ਦਾ ਪੁਰਖ ਪ੍ਰਗਟ ਨਹੀਂ ਹੁੰਦਾ,...*
>
> ...ਉਹ ਜਿਹੜਾ ਪਰਮੇਸ਼ੁਰ ਦੀ ਹੈਕਲ ਵਿੱਚ ਬਹਿੰਦਾ ਹੈ, *ਆਪਣੇ ਆਪ ਨੂੰ ਪਰਮੇਸ਼ੁਰ ਤੋਂ* ਉੱਚਾ ਚੁੱਕਦਾ *ਹੈ,* ਤਾਂ ਜੋ ਉਹ ਪਰਮੇਸ਼ੁਰ ਦੇ ਰੂਪ ਵਿੱਚ ਪਰਮੇਸ਼ੁਰ ਵਜੋਂ ਪੂਜਿਆ ਜਾਵੇ।

105 ਇਸ ਬਾਰੇ ਸੋਚੋ! ਹੁਣ ਯਸਾਯਾਹ 14, ਨਬੀ ਨੇ ਕਿਹਾ ਕਿ ਉਸ ਨੇ ਦੇਖਿਆ "ਲੂਸੀਫਰ ਨੇ, ਆਪਣੇ ਦਿਲ ਵਿੱਚ," ਪਰਮੇਸ਼ੁਰ ਦੀ ਪ੍ਰੇਰਨਾ ਹੇਠ ਇੱਕ ਦਰਸ਼ਨ ਵਿੱਚ, "ਕਿਹਾ ਕਿ ਉਹ ਅਜਿਹਾ ਕਰੇਗਾ।" ਯਸਾਯਾਹ ਵਿੱਚ, ਪੌਲੁਸ ਤੋਂ ਅੱਠ ਸੌ ਸਾਲ ਪਹਿਲਾਂ, ਜਾਂ ਇਸ ਦੇ ਲਗਭਗ।

106 ਹੁਣ ਇੱਥੇ, ਅੱਠ ਸੌ ਸਾਲ ਬਾਅਦ, ਪੌਲੁਸ ਉਸਨੂੰ ਵੇਖਦਾ ਹੈ, ਉਸਦੀ ਜਗ੍ਹਾ ਤੇ ਆਉਂਦਾ ਹੈ। ਧਿਆਨ ਦਿਓ, ਇਹ ਸਿਰ ਚੁੱਕਦਾ ਹੈ, ਉਸਦਾ ਅਦਨ; ਉਸਦਾ ਵਿਗਿਆਨਕ ਅਦਨ, ਉਸਦੀ ਵਿਗਿਆਨਕ ਦੁਨੀਆਂ ਦੇ ਨਾਲ, ਇੱਕ ਵਿਗਿਆਨਕ ਦੁਲਹਨ-ਕਲੀਸਿਯਾ ਦੇ ਨਾਲ, ਸਭ "ਗਿਆਨ" ਦੇ ਵਚਨ ਦੇ ਹੇਠ, ਵੱਡੇ-ਵੱਡੇ ਧਾਰਮਿਕ ਸਥਾਨ, ਵੱਡੀਆਂ ਡਿਗਰੀਆਂ, ਵਿਦਿਅਕ ਪ੍ਰੋਗਰਾਮ।

107 ਸੁਣੋ, ਭਾਈ, ਭੈਣ, ਸਾਡੇ ਵਿੱਚੋਂ ਹਰ ਇੱਕ ਉਸ ਰਾਹ ਤੁਰਨ ਜਾ ਰਿਹਾ ਹੈ ਜਿਸ ਰਾਹ ਫਲੋਰੈਂਸ ਚੱਲੀ ਗਈ ਹੈ। ਮੈਂ ਤੁਹਾਨੂੰ, ਯਿਸੂ ਦੇ ਨਾਮ ਵਿੱਚ, ਇਸ ਬਾਰੇ ਵਿਚਾਰ ਕਰਨ ਲਈ ਕਹਿੰਦਾ ਹਾਂ। ਮੇਰੇ ਬਾਰੇ ਨਾ ਸੋਚੋ। ਮੈਂ ਤੁਹਾਡਾ ਭਰਾ ਹਾਂ। ਉਹ—ਉਹ ਇਹ ਨਹੀਂ ਹੈ। ਉਸ ਵਚਨ ਤੇ ਗੌਰ ਕਰੋ, ਜੋ ਮੈਂ ਪਰਮੇਸ਼ੁਰ ਦੀ ਬਾਈਬਲ ਵਿੱਚੋਂ ਬੋਲ ਰਿਹਾ ਹਾਂ। ਅਤੇ ਪਰਮੇਸ਼ੁਰ ਦੇ ਆਪਣੇ ਹੀ ਸਿੱਧ ਰੂਪ ਵਿੱਚ ਪ੍ਰਮਾਣਿਤ ਵਚਨ ਵਿੱਚੋਂ ਵੇਖੋ, ਜਿਸ ਯੁੱਗ ਵਿੱਚ ਅਸੀਂ ਰਹਿ ਰਹੇ ਹਾਂ, ਜਿੱਥੇ ਅਸੀਂ ਹਾਂ।

108 ਇਹ ਪ੍ਰੋਗਰਾਮ ਆਪਣੇ ਆਪ ਵਿੱਚ, ਬਿਲਕੁਲ ਮਸੀਹ ਵਿਰੋਧੀ ਹਨ। ਹੁਣ, ਉਸ ਕੋਲ ਇੱਕ ਅਦਨ ਹੋਣਾ ਚਾਹੀਦਾ ਹੈ, ਉਸਨੇ ਕਿਹਾ ਕਿ ਉਹ ਇਹ ਕਰੇਗਾ। ਇੱਥੇ ਪਰਮੇਸ਼ੁਰ ਦਾ ਸਧਾਰਨ ਬਚਨ ਕਹਿ ਰਿਹਾ ਹੈ ਕਿ ਉਹ ਇਹ ਕਰੇਗਾ, ਅਤੇ ਇੱਥੇ ਅਸੀਂ ਸਿੱਧਾ-ਸਿੱਧਾ ਵੇਖਦੇ ਹਾਂ ਅਤੇ ਵੇਖਦੇ ਹਾਂ ਕਿ ਉਹ ਇਸ ਨੂੰ ਕਰ ਰਿਹਾ ਹੈ। ਉਸਨੇ ਇਹ ਆਪਣੀ ਬੌਧਿਕ, ਵਿਗਿਆਨਕ, ਨਾਮਧਾਰੀ ਲਾੜੀ

ਨਾਲ ਕੀਤਾ ਹੈ। ਉਹ ਇਹਨਾਂ ਦਿਨਾਂ ਵਿੱਚੋਂ ਕਿਸੇ ਇੱਕ ਦਿਨ, ਗਿਰਜਿਆਂ ਦੀ ਇੱਕ ਵਿਸ਼ਵ ਪਰਿਸ਼ਦ ਵਿੱਚ, ਜਿਸ ਦੀ ਸਥਾਪਨਾ ਕੀਤੀ ਜਾਵੇਗੀ, ਉਹ ਮੁਖੀ ਬਣਨ ਜਾ ਰਿਹਾ ਹੈ। ਸਾਰੇ ਉਸਦੇ ਨਾਲ ਹੋਣਗੇ।

109 ਲੋਕਾਂ ਨੂੰ ਦੁਖੀ ਕਰ ਰਹੇ ਹਨ, ਇਸ ਲਈ ਨਹੀਂ ਕਿ ਉਹ ਬੁਰੇ ਲੋਕ ਹਨ; ਉਹ ਮੱਕੀ ਵਾਂਗ, ਸਿੱਧੀ ਕਤਾਰ ਵਿੱਚ ਲਗਾਏ ਗਏ ਸਨ, ਪਰ ਸ਼ਤਾਨ ਨੇ ਜੰਗਲੀ ਵੇਲਾਂ ਉਗਾ ਦਿੱਤੀਆਂ, ਜਿਸਨੂੰ ਵਿਗਿਆਨ, ਖੋਜ, ਸਿੱਖਿਆ, ਡਾਕਟਰਾਂ ਦੀਆਂ ਡਿਗਰੀਆਂ ਕਿਹਾ ਜਾਂਦਾ ਹੈ। ਕਦੇ-ਕਦੇ ਉਹ ਤੁਹਾਨੂੰ ਪ੍ਰਚਾਰ ਮੰਚ ਤੇ ਵੀ ਨਹੀਂ ਆਉਣ ਦਿੰਦੇ ਜਦੋਂ ਤੱਕ ਤੁਸੀਂ ਕਿਸੇ ਧਾਰਮਿਕ ਸਥਾਨ ਤੋਂ ਡਾਕਟਰ ਦੀ ਡਿਗਰੀ ਨਹੀਂ ਵਿਖਾਉਂਦੇ। ਇਹ ਸਭ ਗਲਤ ਹੈ! ਲੋਕ ਨਹੀਂ; ਇਹ ਪ੍ਰੋਗਰਾਮ ਹੈ ਜੋ ਗਲਤ ਹੈ। ਅਤੇ ਹੁਣ ਇਸ ਨੇ ਕੀ ਕਰ ਦਿੱਤਾ ਹੈ? ਇਸ ਸਭ ਨੇ ਦੁਬਾਰਾ ਸਿਰ ਚੁੱਕਿਆ ਹੈ, ਅਤੇ ਸਾਰੇ ਸੰਸਾਰ ਨੂੰ ਲਿਆਂਦਾ ਹੈ (ਕੁਝ ਦੋਗਲੇਪਣ, ਪਰਮੇਸ਼ੁਰ ਦੇ ਮੂਲ ਬੀਜ ਦੀ ਵਿਗਾੜ ਰਾਹੀਂ) ਇੱਕ ਹੋਰ ਹਨੇਰੀ ਹਫੜਾ-ਦਫੜੀ ਵੱਲ।

110 ਪਰ ਮੈਂ ਬਹੁਤ ਖੁਸ਼ ਹਾਂ ਕਿ ਪਰਮੇਸ਼ੁਰ ਨੇ ਦੁਬਾਰਾ ਸਾਨੂੰ ਯਾਦ ਕੀਤਾ ਹੈ, ਕਿ ਉਹ ਅਜੇ ਵੀ ਹਾਲਾਤ ਦੇ ਚਿਹਰੇ ਨੂੰ ਬਦਲ ਸਕਦਾ ਹੈ। ਉਸਨੇ ਵਾਅਦਾ ਕੀਤਾ ਕਿ ਉਹ ਇਹ ਕਰੇਗਾ, ਅਤੇ ਇੱਕ ਛੋਟੇ ਝੁੰਡ ਨੂੰ ਬੁਲਾਵੇਗਾ ਜੋ ਉਸਦੀ ਲਾੜੀ ਹੋਵੇਗੀ।

111 ਹੁਣ ਦੁਬਾਰਾ ਇੱਥੇ ਧਿਆਨ ਦਿਓ, ਇਹ ਕਲੀਸਿਯਾਵਾਂ ਜਾਂ ਇਹ ਅਦਨ ਕਿਵੇਂ ਸਿੱਧ ਤਰੀਕੇ ਨਾਲ ਮੇਲ ਖਾਂਦੇ ਹਨ।

112 ਪਰਮੇਸ਼ੁਰ, ਆਪਣੇ ਬਚਨ ਦੇ ਇੱਕ ਬੀਜ ਦੁਆਰਾ! ਅਤੇ ਕੇਵਲ ਇੱਕ ਹੀ ਚੀਜ਼ ਹੈ ਜੋ ਵਚਨ ਨੂੰ ਜਿਉਂਦਾ ਕਰ ਸਕਦੀ ਹੈ, ਅਤੇ ਉਹ ਹੈ ਆਤਮਾ, ਕਿਉਂਕਿ ਇਹ ਵਚਨ ਨੂੰ ਜੀਵਨ ਦੇਣ ਵਾਲਾ ਹੈ। ਅਤੇ ਜਦੋਂ ਵਚਨ ਵਿਚਲਾ ਜੀਵਨ ਆਤਮਾ ਦੇ ਜੀਵਨ ਨੂੰ ਮਿਲਦਾ ਹੈ, ਤਾਂ ਇਹ ਉਹੀ ਕੁਝ ਪੈਦਾ ਕਰਦਾ ਹੈ ਜੋ ਕੁਝ ਬੀਜ ਹੈ।

113 ਹੁਣ ਧਿਆਨ ਦਿਓ ਕਿ ਕੀ ਹੋਇਆ ਹੈ। ਅਦਨ ਦੇ ਬਾਗ਼ ਵਿੱਚ ਪਰਮੇਸ਼ੁਰ ਨੇ ਬੇਗੁਨਾਹੀ ਦਾ ਪ੍ਰਬੰਧ ਕੀਤਾ, ਅਤੇ ਇਹ ਉਨ੍ਹਾਂ ਪ੍ਰਬੰਧਾਂ ਵਿੱਚੋਂ ਇੱਕ ਸੀ। ਪਹਿਲੀ ਵਿਵਸਥਾ ਬੇਗੁਨਾਹੀ ਸੀ, ਲੋਕ ਪਾਪ ਨਹੀਂ ਜਾਣਦੇ ਸਨ। ਉਹ ਪਾਪ ਬਾਰੇ ਕੁਝ ਨਹੀਂ ਜਾਣਦੇ ਸਨ। ਆਦਮ ਅਤੇ ਹੱਵਾ ਦੋਵੇਂ ਨੰਗੇ ਸਨ, ਪਰ ਉਹ ਆਪਣੇ ਨੰਗੇਪਣ ਤੋਂ ਅਣਜਾਣ ਸਨ, ਉਨ੍ਹਾਂ ਦੇ ਚਿਹਰੇ ਉੱਤੇ ਇੱਕ ਆਤਮਿਕ ਪਰਦਾ ਸੀ। ਉਹ ਕਦੇ ਨਹੀਂ ਜਾਣਦੇ ਸਨ ਕਿ ਉਹ ਨੰਗੇ ਸਨ, ਬਿਲਕੁਲ ਵੀ ਨਹੀਂ, ਕਿਉਂਕਿ ਉਹ ਲੁਕੇ ਹੋਏ ਸਨ। ਕਿਉਂਕਿ, ਉਨ੍ਹਾਂ ਦੇ ਮਨਾਂ ਵਿੱਚ ਪਰਮੇਸ਼ੁਰ ਦਾ ਪਰਦਾ ਸੀ, ਉਹ ਨਹੀਂ ਜਾਣਦੇ ਸਨ ਕਿ ਸਹੀ ਅਤੇ ਗਲਤ ਕੀ ਹੈ। ਅਤੇ

ਉਹ ਦੋਨੋਂ ਉਥੇ ਨੰਗੇ ਖੜ੍ਹੇ ਸਨ, ਜੋ ਇਹ ਦੱਸਦਾ ਹੈ ਕਿ ਗਿਆਨ ਅਜੇ ਉਨ੍ਹਾਂ ਕੋਲ ਨਹੀਂ ਆਇਆ ਸੀ, ਸਮਝੇ, ਕਿ ਉਹ ਨੰਗੇ ਸਨ। ਜੋੜਾ ਨੰਗਾ ਸੀ ਅਤੇ ਇਹ ਨਹੀਂ ਜਾਣਦਾ ਸੀ।

114 ਹੁਣ ਜੇ ਤੁਸੀਂ ਮੁੜਨਾ ਚਾਹੁੰਦੇ ਹੋ, ਜਾਂ ਇਸ ਨੂੰ ਲਿਖਣਾ ਚਾਹੁੰਦੇ ਹੋ, ਤਾਂ ਪਰਕਾਸ਼ ਦੀ ਪੋਥੀ, ਤੀਜਾ ਅਧਿਆਇ ਹੈ। ਪਵਿੱਤਰ ਆਤਮਾ ਇਸ ਆਖਰੀ ਯੁੱਗ ਦੀ ਭਵਿੱਖਬਾਣੀ ਕਰ ਰਿਹਾ ਹੈ, ਆਖਰੀ ਦਿਨਾਂ ਵਿੱਚ ਲਾਓਦੀਕੀਆ ਪੈਂਟੀਕੋਸਟਲ ਕਲੀਸਿਯਾ ਯੁੱਗ ਤੱਕ, ਉਸਨੇ ਕਿਹਾ, "ਤੂੰ ਨੰਗਾ, ਅਤੇ ਅੰਨ੍ਹਾ ਹੈਂ, ਅਤੇ ਇਹ ਨਹੀਂ ਜਾਣਦਾ।"

115 ਉੱਥੇ ਪਰਮੇਸ਼ੁਰ ਦਾ ਬੀਜ ਹੈ, ਬੇਗੁਨਾਹੀ ਦੇ ਹੇਠ, ਇਹ ਬਿਲਕੁਲ ਵੀ ਨਹੀਂ ਜਾਣਦੇ ਸਨ ਕਿ ਉਹ ਨੰਗੇ ਸਨ, ਪਵਿੱਤਰ ਆਤਮਾ ਦੇ ਪਰਦੇ ਦੇ ਹੇਠਾਂ, ਜੋ ਉਹਨਾਂ ਨੂੰ ਪਾਪ ਤੋਂ ਢੱਕਦਾ ਸੀ।

116 ਅਤੇ ਹੁਣ ਆਖਰੀ ਕਲੀਸਿਯਾ ਯੁੱਗ ਵਿੱਚ, ਅਸੀਂ ਵੇਖਦੇ ਹਾਂ ਕਿ ਉਹ ਦੁਬਾਰਾ ਨੰਗੇ ਹਨ, ਅਤੇ ਇਹ ਨਹੀਂ ਜਾਣਦੇ। ਪਰ ਇਹ ਪਵਿੱਤਰ ਆਤਮਾ ਦਾ ਪਰਦਾ ਨਹੀਂ ਹੈ। ਇਹ ਉਹ ਪਰਦਾ ਹੈ ਜੋ ਸ਼ਤਾਨ ਨੇ ਉੱਥੇ ਹੱਵਾ ਉੱਤੇ ਪਾਇਆ ਸੀ, ਇੱਕ ਵਾਸਨਾ ਦਾ ਪਰਦਾ, ਵਾਸਨਾ ਦਾ ਪਰਦਾ। ਉਹ ਇੰਨੇ ਗੰਦੇ ਹਨ ਇੱਥੋਂ ਤੱਕ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਹ ਨੰਗੀਆਂ ਹਨ, ਸਾਡੀਆਂ ਔਰਤਾਂ ਗਲੀਆਂ ਵਿੱਚ, ਨਿੱਕਰਾਂ ਪਹਿਣਦੀਆਂ ਹਨ, ਕਾਮੁਕ ਪਹਿਰਾਵੇ।

117 ਕਿਸੇ ਨੇ ਮੈਨੂੰ ਉਸ ਦਿਨ ਅਖਬਾਰ ਵਿੱਚੋਂ ਇੱਕ ਟੁਕੜਾ ਭੇਜਿਆ, ਇਸ ਨਵੇਂ ਪਹਿਰਾਵੇ ਦਾ ਜੋ ਉਹ ਪਹਿਨਣ ਜਾ ਰਹੀਆਂ ਹਨ, ਮੈਂ ਸੋਚਦਾ ਹਾਂ, ਲੱਕ ਤੋਂ ਚੌਦਾਂ ਇੰਚ, ਜਾਂ ਕੁਝ। ਅਤੇ ਮੈਂ ਹੈਰਾਨ ਹੁੰਦਾ ਹਾਂ ਕਿ ਕੀ ਸਾਡੀਆਂ—ਕੀ ਸਾਡੀਆਂ ਔਰਤਾਂ ਨੂੰ ਇਹ ਅਹਿਸਾਸ ਹੈ ਕਿ ਇਹ ਵਾਸਨਾ ਦਾ ਪਰਦਾ ਹੈ?

118 ਹੁਣ ਤੁਸੀਂ—ਤੁਸੀਂ ਕਹੋਗੇ, "ਮੈਂ ਪਰਮੇਸ਼ੁਰ ਅੱਗੇ, ਸਾਬਤ ਕਰ ਸਕਦੀ ਹਾਂ, ਕਿ ਆਪਣੇ ਪਤੀ ਦੇ ਲਈ ਮੈਂ ਕਿਸੇ ਵੀ ਵਿਭਚਾਰ ਲਈ ਨਿਰਦੋਸ਼ ਜਾਂ ਮੈਂ—ਮੈਂ...ਇਹ ਸਭ।"

119 ਪਰ ਫਿਰ ਵੀ, ਨਿਆਂ ਦੇ ਵੇਲੇ, ਤੁਹਾਨੂੰ ਇੱਕ "ਵਿਭਚਾਰਣ" ਕਿਹਾ ਜਾਵੇਗਾ। ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ। ਯਿਸੂ ਨੇ ਕਿਹਾ, "ਜੋ ਕੋਈ ਕਿਸੇ ਔਰਤ ਵੱਲ ਵਾਸਨਾ ਨਾਲ ਵੇਖਦਾ ਹੈ, ਉਸਨੇ ਆਪਣੇ ਮਨ ਵਿੱਚ ਪਹਿਲਾਂ ਹੀ ਉਸ ਨਾਲ ਵਿਭਚਾਰ ਕਰ ਲਿਆ ਹੈ।"

120 "ਅੰਨ੍ਹੇ, ਨੰਗੇ, ਅਤੇ ਇਹ ਨਹੀਂ ਜਾਣਦੇ!" ਉਹ ਵਿਚਾਰੀਆਂ ਸਾਧਾਰਣ ਔਰਤਾਂ ਨਹੀਂ; ਮੇਰੇ ਕੋਲ ਉਹਨਾਂ ਦੇ ਵਿਰੁੱਧ ਕੁਝ ਵੀ ਨਹੀਂ ਹੈ। ਇਹ ਤਾਂ ਉਹ ਬੁਰਾਈ ਹੈ! ਅਤੇ ਕਲੀਸਿਯਾ ਦੀ ਵਿਵਸਥਾ ਇਸ ਨੂੰ ਪਛਾਣਨ ਜਾਂ ਇਸਦੇ

ਵਿਰੁੱਧ ਖੜ੍ਹੇ ਹੋਣ ਵਿੱਚ ਅਸਫਲ ਜਾਪਦੀ ਹੈ; ਜੋ ਉਨ੍ਹਾਂ ਨੂੰ ਮਸੀਹਤ ਦੇ ਨਾਮ ਹੇਠ ਉਨ੍ਹਾਂ ਨੂੰ ਵਾਲ ਕੱਟਣ ਦਿੰਦੀ ਹੈ, ਸਿੰਗਾਰ, ਅਤੇ ਅਜਿਹੇ ਕੰਮ ਕਰਣ ਦਿੰਦੀ ਹੈ, ਅਤੇ ਨਿੱਕਰਾਂ ਪਹਿਨਣ ਦਿੰਦੀ ਹੈ। ਇਹ ਕਿੰਨੀ ਭਿਆਨਕ ਗੱਲ ਹੈ! ਵੇਖੋ, ਉਹ ਸ਼ਤਾਨ ਦੇ ਅਦਨ ਵਿੱਚ, ਫਿਰ ਤੋਂ ਨੰਗੇ ਹਨ, ਅਤੇ ਇਹ ਨਹੀਂ ਜਾਣਦੇ ਹਨ। ਉਹ ਇਸ ਬਾਰੇ ਨਹੀਂ ਜਾਣਦੇ।

121 ਮੇਰਾ ਮੰਨਣਾ ਹੈ ਕਿ ਮੈਂ ਵੇਖਦਾ ਹਾਂ, ਹੋ ਸਕਦਾ ਹੈ, ਇੱਥੇ, ਤੈਰਾਕੀ ਵਾਲੇ ਤਲਾਬ ਵਿੱਚ, ਕਿ ਹੁਣ ਉਹ ਔਰਤਾਂ ਬਾਹਰ ਹਨ। ਜੇਕਰ ਉਸ ਔਰਤ ਨੂੰ ਸਿਰਫ਼ ਇਹ ਅਹਿਸਾਸ ਹੁੰਦਾ ਹੈ ਕਿ ਉਹ ਕੀ ਕਰ ਰਹੀ ਹੈ, ਪਰ ਉਹ ਨਹੀਂ ਜਾਣਦੀ। ਉਹ ਨੰਗੀ ਹੈ। ਉਸ ਦਾ ਸਰੀਰ ਪਵਿੱਤਰ ਹੈ। ਉਹ ਉਨ੍ਹਾਂ ਕੱਪੜਿਆਂ ਨੂੰ ਉਤਾਰ ਦਿੰਦੀ ਹੈ ਜੋ ਪਰਮੇਸ਼ੁਰ ਨੇ ਉਸਨੂੰ ਪਹਿਨਾਏ ਸਨ, ਚਮੜੀ ਦੇ ਨਾਲ, ਇਸ ਪੀੜ੍ਹੀ ਲਈ। ਉਹ ਲਗਾਤਾਰ ਇਨ੍ਹਾਂ ਨੂੰ ਛੋਟੇ ਕਰਦੀ ਜਾ ਰਹੀ ਹੈ। ਉਹ ਨੰਗੀ ਹੈ, “ਸਭਿਅਤਾ, ਉੱਚ ਸਿੱਖਿਆ, ਬਿਹਤਰ ਸਭਿਅਤਾ, ਉੱਚ ਨੈਤਿਕਤਾ” ਜਿਹੇ ਸ਼ਬਦਾਂ ਦੇ ਹੇਠ। ਮੈਨੂੰ ਇਹ ਪੱਕਾ ਕਰ ਲੈਣ ਦਿਓ ਕਿ ਇਹ ਗੱਲ ਤੁਹਾਡੇ ਖਾਨੇ ਪੈ ਗਈ ਹੈ। ਇਹ ਸਭ ਸ਼ਤਾਨ ਵੱਲੋਂ ਹੈ, ਅਤੇ ਪ੍ਰਭੂ ਯਿਸੂ ਦੇ ਆਉਣ ਤੇ ਨਸ਼ਟ ਕਰ ਦਿੱਤਾ ਜਾਵੇਗਾ। ਇਸ ਦਾ ਨਾਸ਼ ਕਰ ਦਿੱਤਾ ਜਾਵੇਗਾ, ਇਸਦਾ ਹਰ ਇੱਕ ਹਿੱਸਾ। ਇੱਕ ਵੀ ਚੀਜ਼ ਛੱਡੀ ਨਹੀਂ ਜਾਵੇਗੀ।

122 ਅਤੇ, ਔਹ, ਦੋਸਤੋ, ਦੇਸ਼ ਭਰ ਵਿੱਚ, ਜਦ ਤੁਸੀਂ ਇੱਥੇ ਫੀਨਿਕਸ ਵਿੱਚ ਮੈਨੂੰ ਸੁਣ ਰਹੇ ਹੋ, ਉਨ੍ਹਾਂ ਚੀਜ਼ਾਂ ਬਾਰੇ ਸੋਚੋ! ਤੁਸੀਂ ਇੱਥੇ ਉਨ੍ਹਾਂ ਦੇ ਅਧੀਨ ਹੋ। ਹੁਣ, ਯਿਸੂ ਨੇ ਕਿਹਾ ਕਿ, “ਜੇ ਹੋ ਸਕਦਾ ਤਾਂ ਉਹ ਚੁਣੇ ਹੋਏ ਲੋਕਾਂ ਨੂੰ ਵੀ ਭਰਮਾ ਲੈਂਦੇ।”

123 ਪਹਿਲੀ ਆਤਮਾ ਇੱਕ...ਪਹਿਲਾ ਪਰਦਾ ਇੱਕ ਪਵਿੱਤਰ ਪਰਦਾ ਸੀ, ਪਵਿੱਤਰ ਆਤਮਾ, ਅਤੇ ਉਸਨੂੰ ਉਸ ਵਿੱਚੋਂ ਬਾਹਰ ਨਹੀਂ ਦੇਖਣਾ ਚਾਹੀਦਾ ਸੀ। ਪਰ ਜਦ—ਜਦ ਸ਼ਤਾਨ ਨੇ ਉਸ ਨਾਲ ਗਿਆਨ ਬਾਰੇ ਗੱਲ ਕਰਨੀ ਸ਼ੁਰੂ ਕੀਤੀ, ਫਿਰ ਉਸ ਨੂੰ ਤਾਂ ਬਸ ਦੁਨੀਆਂ ਵਿਚ ਥੋੜੀ ਜਿਹੀ ਝਾਤੀ ਮਾਰਨੀ ਸੀ।

124 ਅਤੇ ਬਿਲਕੁਲ ਉਸੇ ਤਰ੍ਹਾਂ ਉਸਦੀ ਧੀ, ਕਲੀਸਿਯਾ ਨੇ ਕੀਤਾ ਹੈ। ਤੁਹਾਨੂੰ ਦੇਖਣਾ ਹੀ ਪਵੇਗਾ, ਤੁਹਾਨੂੰ ਕਿਸੇ ਫਿਲਮੀ ਸਿਤਾਰੇ ਵਾਂਗ ਕੱਪੜੇ ਪਾਉਣੇ ਪੈਣਗੇ, ਜਾਂ ਨੌਜਵਾਨਾਂ ਨੂੰ ਐਲਵਿਸ ਪ੍ਰੈਸਲੀ ਜਾਂ—ਜਾਂ ਪੈਟ ਬੂਨ ਵਾਂਗ ਅਦਾਕਾਰੀ ਕਰਨੀ ਪਵੇਗੀ, ਜਾਂ—ਜਾਂ ਉਨ੍ਹਾਂ ਵਿੱਚੋਂ ਕੁਝ ਲੋਕ ਵਾਂਗ, ਧਰਮ ਦੇ ਨਾਮ ਹੇਠ।

125 ਪੈਟ ਬੂਨ ਚਰਚ ਆਫ਼ ਕ੍ਰਾਇਸਟ ਤੋਂ ਹੈ। ਐਲਵਿਸ ਪ੍ਰੈਸਲੀ ਇੱਕ ਪੈਂਟੀਕੋਸਟਲ ਹੈ। ਦੋ ਸ਼ਤਾਨੀ ਪਾਤਰਾਂ ਨੇ ਜਿਨ੍ਹਾਂ ਨੇ ਦੁਨੀਆ ਨੂੰ ਉਸ

ਨਾਲੋਂ ਬਦਤਰ ਹਨੇਰਗਰਦੀ ਵਿੱਚ ਸੁੱਟ ਦਿੱਤਾ ਹੈ ਜਿਸ ਵਿੱਚ ਯਹੂਦਾ ਇਸਕਰਿਯੋਤੀ ਨੇ ਯਿਸੂ ਮਸੀਹ ਦੇ ਵਿਸ਼ਵਾਸਘਾਤ ਤੇ ਸੁੱਟਿਆ ਸੀ। ਉਹ ਇਸ ਨੂੰ ਨਹੀਂ ਜਾਣਦੇ। ਉਹ ਲੜਕੇ ਇਹ ਨਹੀਂ ਜਾਣਦੇ। ਮੇਰੇ ਕੋਲ ਉਹਨਾਂ— ਉਹਨਾਂ ਮੁੰਡਿਆਂ, ਆਦਮੀਆਂ ਦੇ ਵਿਰੁੱਧ ਕੁਝ ਵੀ ਨਹੀਂ ਹੈ, ਇਹ ਆਤਮਾ ਹੈ ਜੋ ਇਸਨੂੰ ਪ੍ਰੇਰਿਤ ਕਰ ਰਹੀ ਹੈ।

126 ਬੱਸ ਉਸ ਪਾਸੇ ਥੋੜਾ ਜਿਹਾ ਕਦਮ ਵਧਾਓ, ਉਸ ਜੰਗਲੀ ਵੇਲ ਨੂੰ ਉਸ ਮੱਕੀ ਦੇ ਪੌਦੇ ਦੁਆਲੇ ਇੱਕ ਥੋੜੀ ਜਿਹੀ ਪਕੜ ਬਣਾ ਲੈਣ ਦਿਓ, ਇੱਕ ਵਾਰ, ਦੇਖੋ ਕੀ ਹੁੰਦਾ ਹੈ; ਮੱਕੀ ਤਾਂ ਗਈ। ਔਹ, ਹਾਂ, ਇਸ ਨੇ ਉਸ ਤੇ ਕਬਜਾ ਕਰ ਲਿਆ ਹੈ। ਅਤੇ ਇਹ ਇਸੇ ਤਰ੍ਹਾਂ ਕਰੇਗਾ। ਉਹ ਇਸ ਨੂੰ ਹਾਰ ਵਾਰ ਕਰੇਗਾ। ਹੱਵਾ ਨੇ ਦੁਨੀਆ ਵੱਲ ਸਿਰਫ਼ ਇੱਕ ਵਾਰ ਝਾਤੀ ਮਾਰਨੀ ਸੀ।

127 ਅਤੇ ਮੈਨੂੰ ਤੁਹਾਨੂੰ ਕੁਝ ਕਹਿਣ ਦਿਓ, ਭਾਈ ਅਤੇ ਭੈਣ। ਪਹਿਲੇ ਯੂਹੰਨਾ ਵਿੱਚ, ਦੂਜੇ ਅਧਿਆਇ ਅਤੇ 15ਵੀਂ ਆਇਤ ਵਿੱਚ, ਜੇ ਤੁਸੀਂ ਚਾਹੋ ਤਾਂ ਅਸੀਂ ਇਸਨੂੰ ਪੜ੍ਹ ਸਕਦੇ ਹਾਂ, ਬਾਈਬਲ ਕਹਿੰਦੀ ਹੈ:

> *...ਜੇ ਅਸੀਂ ਸੰਸਾਰ ਨੂੰ,* ਜਾਂ ਸੰਸਾਰ ਦੀਆਂ ਚੀਜ਼ਾਂ ਨੂੰ ਪਿਆਰ ਕਰਦੇ ਹਾਂ, ਤਾਂ ਇਹ ਇਸ ਲਈ ਹੈ ਕਿਉਂਕਿ *ਪਰਮੇਸ਼ੁਰ ਦਾ ਪਿਆਰ* ਸਾਡੇ *ਵਿੱਚ* ਨਹੀਂ ਹੈ।

128 ਹੁਣ, ਉਹ ਸ਼ਬਦ *ਧਰਤੀ* ਨਹੀਂ ਹੈ; ਇਹ ਇੱਕ ਯੂਨਾਨੀ ਸ਼ਬਦ, *ਕੋਸਮੋਸ* ਹੈ, ਜਿਸਦਾ ਅਰਥ ਹੈ "ਸੰਸਾਰ ਦਾ ਸਿਲਸਿਲਾ।" ਜੇ ਅਸੀਂ ਧਰਤੀ, ਸੰਸਾਰ ਦੇ ਫੈਸ਼ਨਾਂ ਨੂੰ ਪਿਆਰ ਕਰਦੇ ਹਾਂ, ਜੇ ਅਸੀਂ ਸਮੇਂ ਦੇ ਰਿਵਾਜ ਨੂੰ ਪਸੰਦ ਕਰਦੇ ਹਾਂ, ਜੇਕਰ ਅਸੀਂ ਸੋਚਦੇ ਹਾਂ "ਇਹ ਇੱਕ ਸ਼ਾਨਦਾਰ ਸਮਾਂ ਹੈ, ਔਹ, ਸਾਡੇ ਕੋਲ ਇਹ ਸਭ ਚੀਜਾਂ ਹਨ," ਜੇਕਰ ਤੁਸੀਂ ਅਜਿਹਾ ਸੋਚਦੇ ਹੋ, ਤਾਂ ਇਹ ਇਸ ਲਈ ਹੈ ਕਿਉਂਕਿ ਤੁਹਾਡੀ ਸੋਚ ਗਲਤ ਹੈ। ਇਹ ਸ਼ੈਤਾਨ ਦੁਆਰਾ ਵਿਗਾੜ ਦਿੱਤੀ ਗਈ ਹੈ। "ਕਿਉਂਕਿ ਜੇ ਤੁਸੀਂ ਸੰਸਾਰ ਦੇ ਸਿਲਸਿਲੇ, ਅਤੇ ਇਸ ਵਰਤਮਾਨ ਸੰਸਾਰ ਦੀਆਂ ਚੀਜ਼ਾਂ ਨੂੰ ਪਿਆਰ ਕਰਦੇ ਹੋ, ਕਿਉਂਕਿ ਪਰਮੇਸੁਰ ਦਾ ਪ੍ਰੇਮ ਤੁਹਾਡੇ ਵਿੱਚ ਹੈ ਹੀ ਨਹੀਂ।" ਇਸ ਨੂੰ ਯਾਦ ਰੱਖਣਾ। ਹੇ ਪਰਮੇਸ਼ੁਰ! ਦੇਖੋ ਕਿ ਅਸੀਂ ਕਿਸ ਚੀਜ ਵਿੱਚ ਦੇਖ ਰਹੇ ਹਾਂ!

129 ਇੱਥੇ ਮੈਂ ਸਿਰਫ ਇੱਕ ਮਿੰਟ ਰੁਕਣਾ ਚਾਹੁੰਦਾ ਹਾਂ ਅਤੇ ਤੁਹਾਨੂੰ ਇੱਕ ਛੋਟੀ ਜਿਹੀ ਕਹਾਣੀ ਦੱਸਣਾ ਚਾਹੁੰਦਾ ਹਾਂ। ਮੈਂ ਪਹਿਲੇ ਵਿਸ਼ਵ ਯੁੱਧ ਦੇ ਇੱਕ ਪਾਦਰੀ ਤੋਂ ਸੁਣਿਆ। ਉਨ੍ਹਾਂ ਨੇ ਸੁੱਟ ਦਿੱਤਾ ਸੀ...

130 ਸ਼ੁਰੂ ਵਿੱਚ ਸ਼ੈਤਾਨ ਵਾਂਗ, ਜਦੋਂ ਉਹ ਅਦਨ ਦੇ ਬਾਗ਼ ਵਿੱਚ ਆਇਆ। ਉਹ ਉਨ੍ਹਾਂ ਬੀਜਾਂ ਨੂੰ ਨਹੀਂ ਪੁੱਟ ਸਕਦਾ ਸੀ। ਉਹ ਉਨ੍ਹਾਂ ਨੂੰ ਨਾਸ਼ ਨਹੀਂ ਕਰ

ਸਕਦਾ ਸੀ। ਪਰ ਉਸ ਨੇ ਉਨ੍ਹਾਂ ਉੱਤੇ ਜ਼ਹਿਰ ਛਿੜਕਿਆ, ਅਤੇ ਇਸ ਨੇ ਬੀਜ ਨੂੰ ਵਿਗਾੜ ਦਿੱਤਾ, ਇਸ ਨੇ ਆਪਣੀ ਸਹੀ ਕਿਸਮ ਪੈਦਾ ਨਹੀਂ ਕੀਤੀ। ਇਸ ਨੇ ਮੂਲ ਬੀਜ ਨੂੰ ਵਿਗਾੜ ਦਿੱਤਾ।

131 ਅਤੇ ਇਹੀ ਕੁਝ ਧਰਮ ਦੇ ਸਾਰੇ ਪ੍ਰੋਗਰਾਮ ਹਨ। ਉਹ ਅਜੇ ਵੀ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਹਨ, ਪਰ ਇਹ ਵਿਗਾੜਿਆ ਜਾ ਰਿਹਾ ਹੈ। ਉਹ ਗਿਰਜੇ ਜਾਂਦੇ ਹਨ, ਸਹੀ ਕੰਮ ਕਰਨਾ ਚਾਹੁੰਦੇ ਹਨ। ਇੱਕ ਨਨ ਕਦੇ ਵੀ ਇੱਕ ਮਤਲਬੀ ਔਰਤ ਹੋਣ ਲਈ ਨਨ ਆਸ਼ਰਮ ਵਿੱਚ ਦਾਖਲ ਨਹੀਂ ਹੁੰਦੀ। ਇੱਕ ਸੇਵਕ ਕਦੇ ਵੀ ਸਕੂਲ ਵਿੱਚ ਸਿਰਫ਼ ਇਸ ਲਈ ਨਹੀਂ ਜਾਂਦਾ ਕਿ ਉਹ ਇੱਕ—ਇੱਕ—ਇੱਕ ਬੁਰਾ ਆਦਮੀ ਬਣੇ। ਤੁਸੀਂ ਕਦੇ ਵੀ ਕਲੀਸਿਯਾ ਵਿੱਚ ਇਸ ਲਈ ਸ਼ਾਮਲ ਨਹੀਂ ਹੁੰਦੇ, ਅਤੇ ਹੱਥ ਮਿਲਾਉਂਦੇ, ਕਿਤਾਬ ਉੱਤੇ ਆਪਣਾ ਨਾਮ ਨਹੀਂ ਲਿਖਾਉਂਦੇ, ਜਾਂ ਜੋ ਵੀ ਤੁਸੀਂ ਆਪਣੀ ਕਲੀਸਿਯਾ ਵਿੱਚ ਕਰਦੇ ਹੋ, ਕਿ ਇੱਕ ਬੁਰਾ ਵਿਅਕਤੀ ਬਣੋ। ਤੁਸੀਂ ਇੱਕ ਚੰਗਾ ਵਿਅਕਤੀ ਬਣਨ ਲਈ ਅਜਿਹਾ ਕਰਦੇ ਹੋ। ਪਰ ਇਹ ਧੋਖਾ ਹੈ, ਇਹ ਵਿਗਾੜ ਹੈ ਜੋ ਇਸ ਨੂੰ ਕਰਦਾ ਹੈ। ਸ਼ਤਾਨ ਨੇ ਇਸ ਨੂੰ ਛਿੜਕਿਆ ਹੈ। ਸਮਝੇ? ਪਰਮੇਸ਼ੁਰ ਕੋਲ ਕਦੇ ਵੀ ਕੋਈ ਜਥੇਬੰਦੀ ਨਹੀਂ ਸੀ। ਪਰਮੇਸ਼ੁਰ ਦੇ ਵਚਨ ਵਿੱਚ ਕਿਤੇ ਵੀ ਅਜਿਹੀ ਕੋਈ ਗੱਲ ਨਹੀਂ ਮਿਲਦੀ।

132 ਪਰਮੇਸ਼ੁਰ ਸਾਡੀ ਜਥੇਬੰਦੀ ਹੈ, ਅਸੀਂ ਉਸ ਵਿੱਚ ਜੱਥੇਬੰਦ ਹਾਂ, ਇੱਕ ਦੇਹ, ਪਰਮੇਸ਼ੁਰ ਵਿੱਚ, ਸਵਰਗ ਵਿੱਚ। ਇਹ ਠੀਕ ਹੈ। ਸਾਡੇ ਨਾਮ ਲੇਲੇ ਦੀ ਜੀਵਨ ਦੀ ਕਿਤਾਬ ਵਿੱਚ ਹਨ। ਧਿਆਨ ਦਿਓ।

133 ਪਰ, ਦੇਖੋ, ਮੈਂ ਜਾਣਦਾ ਹਾਂ ਕਿ ਇਹ ਬਹੁਤ ਮੁਸ਼ਕਲ ਹੈ, ਪਰ ਮੈਂ—ਮੈਂ ਚਾਹੁੰਦਾ ਹਾਂ ਕਿ ਜੇ ਤੁਸੀਂ ਕਰ ਸਕਦੇ ਹੋ ਤਾਂ ਥੋੜਾ ਚਿਰ ਹੋਰ ਸਹਿਣ ਕਰੋ। ਵਿਸ਼ਵ ਯੁੱਧ ਦੇ ਸਮੇਂ ਵਿੱਚ...ਮੇਰੇ ਵਿਸ਼ੇ ਤੋਂ ਹੱਟਣ ਲਈ ਮੈਨੂੰ ਮਾਫ ਕਰਨਾ।

134 ਪਰ ਇਸ ਗੱਲ ਨੂੰ ਇੱਕ ਮਿਸਾਲ ਬਣਾਉਣ ਲਈ, ਮੈਂ—ਮੈਂ ਤੁਹਾਨੂੰ ਆਪਣਾ ਵਿਸ਼ਲੇਸ਼ਣ ਦੇਣਾ ਚਾਹੁੰਦਾ ਸੀ ਕਿ ਸ਼ਤਾਨ ਨੇ ਅਦਨ ਵਿੱਚ ਕੀ ਕੀਤਾ: ਭਿਆਨਕ ਜ਼ਹਿਰ ਦਾ ਛਿੜਕਾਅ ਕੀਤਾ। ਕੀ ਤੁਸੀਂ ਜਾਣਨਾ ਚਾਹੋਗੇ ਕਿ ਉਹ ਛਿੜਕਾਅ ਕੀ ਸੀ? ਮੈਂ ਤੁਹਾਨੂੰ ਦੱਸ ਸਕਦਾ ਹਾਂ। ਮੇਰੇ ਕੋਲ ਇਸ ਦਾ ਫਾਰਮੂਲਾ ਹੈ, ਦੋ ਸ਼ਬਦ: ਅਵਿਸ਼ਵਾਸ, ਜੋ ਵਿਸ਼ਵਾਸ ਦੇ ਉਲਟ ਹੈ, ਅਵਿਸ਼ਵਾਸ, ਸ਼ੱਕ ਦਾ ਛਿੜਕਾਅ। ਅਤੇ ਵਿਗਿਆਨ ਨੇ ਇਸਦੀ ਜਗ੍ਹਾ ਲੈ ਲਈ। ਜਿੱਥੇ ਬੀਜ ਵਿੱਚ, ਸੁਰਾਖ ਹੋਇਆ, ਸ਼ਤਾਨ ਨੇ ਉਸ ਸੁਰਾਖ ਨੂੰ ਗਿਆਨ ਅਤੇ ਵਿਗਿਆਨ ਅਤੇ ਸਭਿਅਤਾ ਨਾਲ ਭਰ ਦਿੱਤਾ, ਅਤੇ ਇਸ ਨੇ ਪਰਮੇਸ਼ੁਰ ਦੀ ਸਾਰੀ, ਸਾਰੀ ਰਚਨਾ ਨੂੰ ਵਿਗਾੜ ਦਿੱਤਾ ਹੈ।

135 ਮੈਂ ਜਾਣਦਾ ਹਾਂ ਕਿ ਤੁਸੀਂ ਸੋਚ ਰਹੇ ਹੋ ਕਿ ਮੈਂ ਕਿ ਮੈਂ ਤੁਹਾਨੂੰ ਅਲੱਗ-ਥੱਲਗ ਕਰ ਰਿਹਾ ਰਿਹਾ ਹਾਂ, ਪਰ ਮੈਂ ਇਸ ਅਲੱਗ-ਥੱਲਗ ਹਾਲਤ ਵਿੱਚ ਤੁਹਾਡੇ ਨਾਲ ਹਾਂ। ਅਤੇ ਅਸੀਂ ਇੱਥੇ ਇਹ ਜਾਣਨ ਦੀ ਕੋਸ਼ਿਸ਼ ਕਰਨ ਲਈ ਹਾਂ ਕਿ ਅਸੀਂ ਕੀ ਕਰ ਸਕਦੇ ਹਾਂ। ਅਸੀਂ ਉਨ੍ਹਾਂ ਚੀਜ਼ਾਂ ਨੂੰ ਇਸ ਲਈ ਨਹੀਂ ਕਹਿੰਦੇ ਕਿ ਆਪਣੇ ਆਪ ਨੂੰ ਵੱਖਰੇ ਬਣਾਈਏ। ਸਾਨੂੰ ਇਮਾਨਦਾਰ ਹੋਣਾ ਚਾਹੀਦਾ ਹੈ।

136 ਸਾਨੂੰ, ਹਰ ਇੱਕ ਨੂੰ, ਸਫ਼ਰ ਦੇ ਅੰਤ ਵਿੱਚ ਆਉਣਾ ਪਵੇਗਾ, ਜਿੱਥੇ ਸਾਨੂੰ ਹਰ ਇੱਕ ਸ਼ਬਦ ਦਾ ਹਿਸਾਬ ਦੇਣਾ ਪਵੇਗਾ। ਬਿਲਕੁਲ ਹੁਣੇ, ਸਾਨੂੰ ਪਤਾ ਹੈ ਕਿ ਸਾਡੀਆਂ ਅਵਾਜਾਂ...ਜਦੋਂ ਅਸੀਂ ਜਨਮ ਲੈਂਦੇ ਹਾਂ, ਸਾਡੀ ਪਹਿਲੀ ਛੋਟੀ ਜਿਹੀ ਕਿਲਕਾਰੀ ਇੱਕ ਟੇਪ ਤੇ ਚਲੀ ਜਾਂਦੀ ਹੈ। ਇਹ ਨਿਆਂ ਦੇ ਦਿਨ ਦੁਬਾਰਾ ਚਲਾਈ ਜਾਵੇਗੀ। ਇੱਥੋਂ ਤੱਕ ਕਿ ਜਿਹੜੇ ਕੱਪੜੇ ਤੁਸੀਂ ਪਾਉਂਦੀਆਂ ਹੋ, ਉਹ ਨਿਆਂ ਦੇ ਦਿਨ ਤੁਹਾਡੇ ਸਾਹਮਣੇ ਦਿਖਾਏ ਜਾਣਗੇ। ਇੱਥੋਂ ਤੱਕ ਕਿ ਵਿਗਿਆਨ ਨੇ ਵੀ, ਟੈਲੀਵਿਜ਼ਨ ਦੁਆਰਾ ਇਹ ਪਾਇਆ ਹੈ। ਦੇਖੋ, ਟੈਲੀਵਿਜ਼ਨ ਕੋਈ ਤਸਵੀਰ ਨਹੀਂ ਬਣਾਉਂਦਾ, ਇਹ ਸਿਰਫ ਇੱਕ ਜਰਿਆ ਹੈ। ਕੱਪੜਿਆਂ ਦਾ ਰੰਗ, ਹਰ ਵਾਰ ਜਦੋਂ ਤੁਸੀਂ ਚਲਦੇ ਹੋ, ਤੁਹਾਡੇ ਮਨ ਵਿੱਚ ਹਰ ਵਿਚਾਰ, ਪਰਮੇਸ਼ੁਰ ਦੇ ਰਿਕਾਰਡ ਵਿੱਚ ਰੱਖਿਆ ਜਾਂਦਾ ਹੈ। ਅਤੇ ਉਹ ਵੱਡੀ ਚੀਜ਼ ਤੁਹਾਡੇ ਸਾਹਮਣੇ ਰੱਖੀ ਜਾਵੇਗੀ, ਉਹ ਸਾਰੇ ਗੰਦੇ ਕੱਪੜੇ ਜੋ ਤੁਸੀਂ ਪਹਿਨੇ ਸਨ; ਹਰ ਵਾਰ ਜਦੋਂ ਤੁਸੀਂ ਨਾਈ ਦੀ ਦੁਕਾਨ ਤੇ ਗਏ, ਉਹ ਵਾਲ ਕੱਟੇ ਜਿਹੜੇ ਪਰਮੇਸ਼ੁਰ ਨੇ ਤੁਹਾਨੂੰ ਦਿੱਤੇ ਸਨ। ਇਹ ਹੋਣ ਜਾ ਰਿਹਾ ਹੈ। ਤੁਸੀਂ ਇਸਦਾ ਜਵਾਬ ਦਿਓਗੇ। ਤੁਸੀਂ ਉੱਥੇ ਕੋਈ ਚਾਲ ਨਹੀਂ ਚੱਲ ਸਕਦੇ, ਇੱਥੋਂ ਤਕ ਜਦੋਂ ਤੁਸੀਂ ਇਹ ਕਰ ਰਹੇ ਸੀ ਉਸ ਵੇਲੇ ਦੇ ਤੁਹਾਡੇ ਦਿਲ ਦੇ ਵਿਚਾਰ ਵੀ, ਤੁਹਾਡੇ ਸਾਹਮਣੇ ਦਿਖਾਏ ਜਾਣਗੇ। ਤੁਸੀਂ ਕਿਵੇਂ ਬਚੋਗੇ? "ਜੇ ਅਸੀਂ ਅਜਿਹੀ ਮਹਾਨ ਮੁਕਤੀ ਦੀ ਲਾਪਰਵਾਹੀ ਕਰੀਏ ਤਾਂ ਅਸੀਂ ਕਿਵੇਂ ਬਚਾਂਗੇ?" ਸਮਝੇ? ਅਸੀਂ ਬਚਣ ਵਾਲੇ ਨਹੀਂ ਹਾਂ। ਹਰ ਚਾਲ, ਅਤੇ ਦਿਲ ਦੇ ਵਿਚਾਰ, ਕਿਸੇ ਹੋਰ ਪਹਿਲੂ ਵਿਚ ਦਰਜ ਕੀਤੇ ਜਾਂਦੇ ਹਨ, ਇੱਥੋਂ ਤਕ ਕਿ ਕੱਪੜੇ ਦਾ ਰੰਗ ਵੀ ਜੋ ਤੁਸੀਂ ਪਹਿਨਦੇ ਹੋ। ਟੈਲੀਵਿਜ਼ਨ, ਰੰਗੀਨ ਟੈਲੀਵਿਜ਼ਨ ਇਸ ਨੂੰ ਸਾਬਤ ਕਰਦਾ ਹੈ, ਇਸ ਨੂੰ ਬਾਹਰ ਕੱਢਦਾ ਹੈ ਅਤੇ ਇਸ ਨੂੰ ਦਿਖਾਉਂਦਾ ਹੈ, ਦੇਖੋ, ਅਤੇ ਇਹ ਉਹਨਾਂ ਤਿੰਨਾਂ ਵਿੱਚੋਂ ਇੱਕ ਪਹਿਲੂ ਹੈ ਜਿਸ ਵਿੱਚ ਅਸੀਂ ਰਹਿੰਦੇ ਹਾਂ। ਸਮਝੇ?

137 ਹੁਣ ਜ਼ਹਿਰ ਨੇ ਕਲੀਸਿਯਾ ਕਿਵੇਂ ਮਾਰਿਆ ਹੈ, ਧਰਤੀ ਨੂੰ ਮਾਰਿਆ ਹੈ! ਸ਼ੈਤਾਨ ਦਾ ਜ਼ਹਿਰ ਬੀਜਾਂ ਉੱਤੇ ਹੈ, ਇਸ ਵਿੱਚ ਖੋੜਾਂ ਪਾ ਦਿੱਤੀਆਂ ਹਨ ਅਤੇ ਇਸ ਨੂੰ ਵਿਗਾੜ ਦਿੱਤਾ ਹੈ। ਵੱਧ ਤੋਂ ਵੱਧ, ਉਹ ਕਲੀਸਿਯਾਵਾਂ ਦੇ ਦਿਲਾਂ ਦੀ ਡੂੰਘਾਈ ਵਿੱਚ ਰੱਚਦਾ ਜਾਂਦਾ ਹੈ, ਅਤੇ ਲੋਕਾਂ ਦੇ ਦਿਲਾਂ ਅਤੇ ਹਰ ਚੀਜ਼ ਵਿੱਚ, ਵਿਗਿਆਨ, ਵਿਗਿਆਨ। ਇੱਥੋਂ ਤੱਕ ਇਹ ਇੱਕ ਅਜਿਹੀ ਜਗ੍ਹਾ ਬਣ ਗਈ ਹੈ

ਜਿੱਥੇ ਮਨੁੱਖ ਜਾਤੀ, ਅੰਤਰ-ਜਣਨ ਦੁਆਰਾ...ਮੇਰਾ ਮੰਨਣਾ ਹੈ ਕਿ ਹਰ ਬੀਜ ਨੂੰ ਆਪਣੀ ਜਿਨਸ ਦੇ ਅਨੁਸਾਰ ਪੈਦਾ ਕਰਨਾ ਚਾਹੀਦਾ ਹੈ। ਅਤੇ ਮਨੁੱਖ ਜਾਤੀ, ਅਤੇ ਪੌਦੇ, ਅਤੇ ਸਭਨਾਂ ਦਾ ਦੋਗਲਾ ਜਨਮ ਕਰਾਇਆ ਜਾ ਰਿਹਾ ਹੈ, ਜੋ ਸਾਨੂੰ ਇੱਕ ਸਥਾਨ ਤੇ ਲੈ ਆਇਆ ਹੈ; ਆਪਣਾ ਭੋਜਨ ਧਰਤੀ ਤੋਂ ਖਾਣ ਕਰਕੇ, ਜਿਸ ਨੇ, ਸਾਡੇ ਸਰੀਰਾਂ ਨੂੰ, ਦੋਗਲਾ ਬਣਾ ਦਿੱਤਾ ਹੈ, ਇਸਨੇ ਸਾਡੇ ਸਾਰੇ ਦਿਮਾਗ ਨੂੰ...ਹੁਣ, ਜੇ ਸਾਡੇ ਸਰੀਰ, ਵੀਹ ਤੋਂ ਪੱਚੀ ਸਾਲ ਦੀ ਉਮਰ ਤੋਂ ਢਲਣੇ ਸ਼ੁਰੂ ਹੋ ਜਾਂਦੇ ਹਨ, ਦੋਗਲੇ ਭੋਜਨ ਤੋਂ, ਖਰਾਬ ਹੋ ਰਹੇ ਸੈੱਲਾਂ ਕਾਰਨ, ਕੀ ਸਾਡੇ ਦਿਮਾਗ਼ ਦੇ ਸੈੱਲ ਖਰਾਬ ਨਹੀਂ ਹੁੰਦੇ? ਕੀ ਇਹ ਸੈੱਲ ਵੀ? ਇਸ ਲਈ ਰਿਕੀ ਇਹ ਗਰਮ ਸਰੀਆ ਲੈ ਕੇ, ਇੱਥੇ ਗਲੀ ਵਿੱਚੋਂ ਲੰਘਦਾ ਹੈ; ਜਦ ਕਿ ਰਿਕੇਟਾ, ਏਲਵਿਟਾ, ਅਤੇ ਉਹਨਾਂ ਵਿੱਚੋਂ ਬਹੁਤ ਸਾਰੇ, ਜਿਵੇਂ ਕਿ ਅਸੀਂ ਉਹਨਾਂ ਨੂੰ ਨਾਮ ਤੋਂ ਬੁਲਾਉਂਦੇ ਹਾਂ, ਇੱਥੇ ਲੋਕਾਂ ਦੇ ਸਾਹਮਣੇ ਅੱਧ ਨੰਗੇ, ਮਾਨਸਿਕ ਤੌਰ ਤੇ ਖਤਮ ਹੋ ਗਏ ਹਨ, ਕੋਈ ਸ਼ਿਸ਼ਟਾਚਾਰ ਜਾਂ ਨੈਤਿਕਤਾ ਦਾ ਖਿਆਲ ਨਹੀਂ ਹੈ।

138 ਮੇਰੀ ਛੋਟੀ ਕਹਾਣੀ ਲਈ। ਇਸ ਪਾਦਰੀ ਨੇ ਕਿਹਾ ਕਿ ਉਹ ਹਸਪਤਾਲ ਵਿੱਚ ਸੀ, ਅਤੇ ਕਿਹਾ ਕਿ ਬਹੁਤ ਸਾਰੇ ਲੜਕੇ ਤੰਬੂ ਵਿੱਚ ਪਏ ਸਨ, ਕੁਝ... ਉਹ ਬਸ ਹੁਣੇ ਹੀ ਬਾਹਰੋਂ ਆਇਆ ਸੀ। ਉਸਨੇ ਕਿਹਾ ਕਿ ਉਹ ਉੱਥੇ ਗਿਆ, ਅਤੇ ਕਿਸੇ ਅਧਿਕਾਰੀ ਨੇ ਉਸਨੂੰ ਦੱਸਿਆ, ਕਿਹਾ, "ਪਾਦਰੀ, ਅਸੀਂ ਬਾਹਰ ਘੁੰਮਣਾ ਚਾਹੁੰਦੇ ਹਾਂ, ਉੱਥੇ ਖੇਤਾਂ ਤੇ ਇੱਕ ਨਜ਼ਰ ਮਾਰਨ ਲਈ।" ਉਨ੍ਹਾਂ ਨੇ ਰਾਈ ਅਤੇ ਕਲੋਰੀਨ ਗੈਸ ਛਿੜਕੀ ਹੋਈ ਸੀ, ਜਿਵੇਂ ਉਹ ਉਨ੍ਹਾਂ ਦਿਨਾਂ ਵਿੱਚ ਕਰਦੇ ਸਨ।

139 ਅਤੇ ਕਿਹਾ, "ਮੈਂ ਉੱਥੇ ਗਿਆ, ਭਾਈ ਬ੍ਰਨਹਾਮ," ਕਿਹਾ, "ਉੱਥੇ ਕਿਸੇ ਦਰੱਖਤ ਤੇ ਛਾਲ ਨਹੀਂ ਸੀ, ਉੱਥੇ ਘਾਹ ਦਾ ਇੱਕ ਵੀ ਤਿਨਕਾ ਨਹੀਂ ਸੀ। ਇਹ ਈਸਟਰ ਦੀ ਸਵੇਰ ਸੀ।" ਉਸ ਨੇ ਕਿਹਾ, "ਹੇਠਾਂ ਕੁਝ ਪੁਰਾਣੇ ਟੁੱਟੇ-ਭੱਜੇ ਟੈਂਕ ਪਏ ਹੋਏ ਸਨ, ਅਧਿਕਾਰੀ ਨੇ ਉਨ੍ਹਾਂ ਦਾ ਰਿਕਾਰਡ ਲੈਣਾ ਸੀ, ਅਤੇ ਵੇਖਣਾ ਸੀ ਕਿ ਕੀ ਉਹਨਾਂ ਦਾ ਕੁਝ ਕੀਤਾ ਜਾ ਸਕਦਾ ਸੀ, ਮਹਾਨ ਅਰਗੋਨ ਜੰਗਲ ਦੇ ਨੇੜੇ।" ਕਿਹਾ, "ਜਦੋਂ ਮੈਂ ਉੱਥੇ ਇਕੱਲਾ ਹੀ ਖੜ੍ਹਾ ਸੀ," ਕਿਹਾ, "ਮੈਂ ਉੱਪਰ ਦੇਖਿਆ, ਕਿਹਾ, 'ਹੇ ਪਰਮੇਸ਼ੁਰ, ਸਭ ਕੁਝ ਇਸੇ ਤਰ੍ਹਾਂ ਹੋਣ ਵਾਲਾ ਹੈ।'" ਇਹ ਸਹੀ ਹੈ, ਇਹ ਸਭ ਆ ਰਿਹਾ ਹੈ। ਇਹ ਸਭ ਸੜ ਗਿਆ ਸੀ, ਕਿਤੇ ਵੀ ਕੋਈ ਜੀਵਨ ਨਹੀਂ ਸੀ, ਘਾਹ ਸੜ ਗਿਆ ਸੀ; ਰੁੱਖ, ਉਨ੍ਹਾਂ ਗੈਸਾਂ ਦੁਆਰਾ, ਰੁੱਖ ਮਾਰੇ ਗਏ, ਸਭ ਕੁਝ ਮਾਰਿਆ ਗਿਆ, ਮਰੋੜਿਆ ਗਿਆ, ਹੇਠਾਂ ਲਟਕ ਗਿਆ, ਜਿੱਥੇ ਗੋਲੀਆਂ ਅਤੇ ਚੀਜ਼ਾਂ ਨੇ ਇਸ ਨੂੰ ਛਿੱਲ ਦਿੱਤਾ।

140 ਕੀ ਇਹ ਅੱਜ ਦੀ ਦੁਨੀਆਂ ਦੀ ਤਸਵੀਰ ਨਹੀਂ ਹੈ, ਜਿੱਥੇ ਸ਼ਤਾਨ ਉਸਦੇ ਅਵਿਸ਼ਵਾਸ, ਉਸਦੇ ਦੋਗਲੇਪਣ, ਉਸਦੇ ਵਿਗਿਆਨ, ਉਸਦੇ ਗਿਆਨ ਦਾ ਛਿੜਕਾਅ ਕਰ ਰਿਹਾ ਹੈ! ਇੱਥੋਂ ਤੱਕ, ਜੋ ਇਹ ਸ਼ੁਰੂਆਤ ਵਿੱਚ ਸੀ, ਜਦੋਂ ਪਰਮੇਸ਼ੁਰ ਨੇ ਆਦਮ ਅਤੇ ਹੱਵਾ ਨੂੰ ਬਾਗ਼ ਵਿੱਚ ਰੱਖਿਆ, ਉਸ ਸੁੰਦਰ ਫਿਰਦੌਸ ਵਿੱਚ ਜਿੱਥੇ ਮੌਤ ਨਹੀਂ ਸੀ, ਜੋ ਬਿਮਾਰੀ, ਸੋਗ, ਅਤੇ ਇਸ ਸਭ ਕੁਝ ਦੇ ਬਗੈਰ ਸੀ, ਅਤੇ ਸਭ ਕੁਝ ਸਿੱਧ ਵਿਵਸਥਾ ਵਿੱਚ ਸੀ, ਦੇਖੋ ਸ਼ੈਤਾਨ ਦੀ ਡੀਡੀਟੀ ਨੇ ਕੀ ਕੀਤਾ ਹੈ! ਉਹ ਇੱਕ ਹਨੇਰਗਰਦੀ ਹੈ। ਇਸ ਵਿਚ ਕੁਝ ਨਹੀਂ ਬਚਿਆ।

141 ਉਸ ਨੇ ਕਿਹਾ, "ਮੈਂ ਰੋਣ ਲੱਗ ਪਿਆ। ਮੈਂ ਵਾਪਸ ਤੁਰ ਪਿਆ, ਮੈਂ ਇੱਕ ਚੱਟਾਨ ਵੱਲ ਆਕਰਸ਼ਿਤ ਹੋਇਆ।" ਉਸ ਨੇ ਕਿਹਾ, "ਮੈਂ ਬਸ ਉੱਥੇ ਗਿਆ ਅਤੇ ਉਸ ਚੱਟਾਨ ਵੱਲ ਦੇਖਿਆ, ਇਸ ਨੂੰ ਧੱਕਾ ਦਿੱਤਾ। ਚੱਟਾਨ ਦੇ ਹੇਠਾਂ ਇੱਕ ਛੋਟਾ ਜਿਹਾ ਚਿੱਟਾ ਫੁੱਲ ਉੱਗ ਰਿਹਾ ਸੀ, ਬਚੀ ਹੋਈ ਇੱਕੋ ਇੱਕ ਜਿਉਂਦੀ ਚੀਜ਼, ਕਿਉਂਕਿ ਇਸਨੂੰ ਇੱਕ ਚੱਟਾਨ ਦੁਆਰਾ ਪਨਾਹ ਦਿੱਤੀ ਗਈ ਸੀ।"

142 ਪਰਮੇਸ਼ੁਰ, ਮੇਰੀ ਚੱਟਾਨ, ਅੱਜ ਸਾਨੂੰ ਪਨਾਹ ਦੇ, ਹੇ ਪਰਮੇਸ਼ੁਰ, ਜਦੋਂ ਵਿਗਿਆਨ ਅਤੇ ਸਿੱਖਿਆ ਦੇ ਨਾਮ ਤੇ ਇਹ ਜ਼ਹਿਰ ਹਰ ਪਾਸੇ ਉੱਡ ਰਹੇ ਹਨ। ਸਾਨੂੰ ਪਨਾਹ ਦਿਓ। ਮੈਨੂੰ ਉਸ ਦਿਨ ਤੱਕ ਸੰਭਾਲ ਕੇ ਰੱਖੋ, ਹੇ ਪਰਮੇਸ਼ੁਰ, ਮੇਰੀ ਪ੍ਰਾਰਥਨਾ ਹੈ। ਹੁਣ ਮੈਂ ਉਮੀਦ ਕਰਦਾ ਹਾਂ ਕਿ ਅਸੀਂ, ਸਾਡੇ ਵਿੱਚੋਂ ਹਰ ਇੱਕ, ਉਸ ਚੱਟਾਨ, ਮਸੀਹ ਦੇ ਹੇਠ ਹਾਂ।

143 ਮੈਂ ਉਸ ਦਿਨ ਪ੍ਰਚਾਰ ਕੀਤਾ ਸੀ, ਤੁਹਾਡੇ ਵਿੱਚੋਂ ਬਹੁਤਿਆਂ ਨੇ ਇਹ ਸੁਣਿਆ ਸੀ। ਮੈਂ ਸ਼ਿਕਾਰ ਕਰਦਾ ਹੋਇਆ, ਜੰਗਲ ਵਿੱਚੋਂ ਲੰਘ ਰਿਹਾ ਸੀ, ਅਤੇ ਮੇਰਾ ਧਿਆਨ ਘੁੰਮ ਕੇ ਪਿੱਛੇ ਵੱਲ ਗਿਆ। ਅਤੇ ਮੈਂ ਦੇਖਿਆ, ਅਤੇ ਉੱਥੇ ਇੱਕ ਖਾਲੀ ਸਿਗਰਟ ਦਾ ਡੱਬਾ ਜਾਂ ਪੈਕਟ ਪਿਆ ਹੋਇਆ ਸੀ, ਜਾਂ ਜੋ ਵੀ ਤੁਸੀਂ ਇਸਨੂੰ ਕਹਿੰਦੇ ਹੋ। ਅਤੇ ਇਹ ਜਿਸ ਕੰਪਨੀ ਦਾ ਸੀ, ਮੈਨੂੰ ਨਹੀਂ ਲੱਗਦਾ ਕਿ ਮੈਨੂੰ ਉਨ੍ਹਾਂ ਦਾ ਨਾਮ ਬੋਲਣਾ ਚਾਹੀਦਾ ਹੈ, ਪਰ ਤੰਬਾਕੂ ਕੰਪਨੀ ਨੇ...ਉਹਨਾਂ ਦਾ ਇੱਕ ਨਾਅਰਾ ਹੈ, "ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ, ਇੱਕ ਸਿਗਰਟ ਪੀਣ ਵਾਲੇ ਮਨੁੱਖ ਦਾ ਸੁਆਦ।"

144 ਮੈਂ ਜੰਗਲ ਵਿੱਚ ਥੋੜਾ ਜਿਹਾ—ਜਿਹਾ ਹੋਰ ਅੱਗੇ ਜਾਣ ਲੱਗਾ, ਅਤੇ ਕਿਸੇ ਚੀਜ਼ ਨੇ ਮੇਰਾ ਧਿਆਨ ਖਿੱਚਿਆ, "ਉਸ ਸਿਗਰਟ ਦੀ ਡੱਬੀ ਕੋਲ ਵਾਪਸ ਜਾ।"

145 ਮੈਂ ਸੋਚਿਆ, "ਸਵਰਗੀ ਪਿਤਾ, ਮੈਂ ਉਸ ਰੁੱਖ ਕੋਲ ਜਾ ਰਿਹਾ ਹਾਂ ਜਿੱਥੇ

ਇੱਕ ਸਵੇਰ ਨੂੰ, ਉਹਨਾਂ ਗਿਲਹਰੀਆਂ ਨੂੰ ਤੁਹਾਡੇ ਦੁਆਰਾ ਬੋਲ ਕੇ ਹੋਂਦ ਵਿੱਚ ਲਿਆਂਦਾ ਗਿਆ ਸੀ। ਤੁਸੀਂ ਮੈਨੂੰ ਵਾਪਸ ਕਿਉਂ ਬੁਲਾ ਰਹੇ ਹੋ?"

146 ਅਤੇ ਕਿਸੇ ਚੀਜ ਨੇ ਕਿਹਾ, "ਤੇਰੇ ਕੋਲ ਐਤਵਾਰ ਲਈ ਇੱਕ ਸੰਦੇਸ਼ ਆ ਰਿਹਾ ਹੈ। ਤੇਰਾ ਵਿਸ਼ਾ ਉਸ ਦੇ ਉੱਤੇ ਲਿਖਿਆ ਹੋਇਆ ਹੈ।"

ਮੈਂ ਸੋਚਿਆ, "ਇੱਕ ਸਿਗਰਟ ਦੀ ਡੱਬੀ ਤੇ?" ਮੈਂ ਵਾਪਸ ਚਲਾ ਗਿਆ।

147 ਅਤੇ ਮੈਂ ਸੋਚਣ ਲੱਗ ਪਿਆ, "ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ," ਇਹ ਕਿਹੋ ਜਿਹਾ ਧੋਖਾ ਹੈ! ਜੇ ਇੱਕ ਮਨੁੱਖ ਵਿਚਾਰਸ਼ੀਲ ਹੁੰਦਾ, ਤਾਂ ਉਹ ਬਿਲਕੁਲ ਵੀ ਸਿਗਰਟ ਨਾ ਪੀਂਦਾ। ਪਰ, ਤੁਸੀਂ ਦੇਖੋ, ਲੋਕ ਇਸ ਨੂੰ ਨਿਗਲ ਜਾਂਦੇ ਹਨ।

148 ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਦੋ ਸਾਲ ਪਹਿਲਾਂ ਦੀ ਗੱਲ ਹੈ, ਜਦੋਂ ਮੈਂ ਇੱਕ ਸੰਮੇਲਨ ਵਿੱਚ ਸੀ, ਜਦੋਂ ਇਹ ਪੱਛਮੀ ਤੱਟ ਤੇ ਸੀ ਤਾਂ ਮੈਂ ਵਿਸ਼ਵ ਮੇਲੇ ਵਿੱਚ ਗਿਆ ਸੀ। ਅਤੇ ਉਨ੍ਹਾਂ ਕੋਲ ਯੂਲ ਬ੍ਰਾਇਨਰ ਦੀ ਤਸਵੀਰ ਸੀ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਉੱਥੇ ਸਨ। ਅਤੇ ਸਾਇੰਸਦਾਨ, ਉਹਨਾਂ ਵਿੱਚੋਂ ਬਹੁਤ ਸਾਰੇ, ਇੱਕੋ ਹਾਲ ਵਿੱਚ ਸਨ, ਸਿਗਰਟਨੋਸ਼ੀ ਦੇ ਖ਼ਤਰੇ ਬਾਰੇ ਗੱਲ ਕਰ ਰਹੇ ਸਨ। ਉਨ੍ਹਾਂ ਨੇ ਸੰਗਮਰਮਰ ਦੇ ਉੱਤੇ ਉਸ ਧੂੰਏਂ ਨੂੰ ਪਾਇਆ, ਅਤੇ ਛੋਟੀ ਜਿਹੀ ਰੂੰ ਦੀ ਡੰਡੀ ਲੈ ਕੇ ਨਿਕੋਟੀਨ ਨੂੰ ਉਥੋਂ ਪੂੰਝ ਕੇ ਇਸਨੂੰ ਚੂਹੇ ਦੀ ਪਿੱਠ ਤੇ ਲੱਗਾ ਦਿੱਤਾ, ਅਤੇ ਉਸਨੂੰ ਪਿੰਜਰੇ ਵਿੱਚ ਪਾ ਦਿੱਤਾ, ਸੱਤ ਦਿਨਾਂ ਵਿੱਚ ਉਹ ਕੈਂਸਰ ਨਾਲ ਇੰਨਾ ਭਰ ਗਿਆ ਕਿ ਉਹ ਤੁਰ ਵੀ ਨਹੀਂ ਸਕਦਾ ਸੀ। ਸਮਝੇ? ਉਸ ਨੇ ਕਿਹਾ...ਇਸ ਨੂੰ ਪਾਣੀ ਵਿੱਚ ਪਾ ਕੇ ਕੱਢੋ, ਅਤੇ ਕਿਹਾ, "ਛਾਣੋ!"

149 ਕਿਹਾ, "ਛਾਣੋ? ਅਜਿਹੀ ਕੋਈ ਚੀਜ ਨਹੀਂ ਹੈ।" ਕਿਹਾ, "ਤੂੰ..." ਹੁਣ, ਇਹ ਆਪਣੇ ਆਪ ਵਿੱਚ ਵਿਗਿਆਨ ਹੈ। ਓਹਨਾਂ ਨੇ ਕਿਹਾ, "ਜਦੋਂ ਤਕ ਤੁਸੀਂ ਟਾਰ ਜਾਂ ਲੁੱਕ ਨੂੰ ਅੰਦਰ ਖਿੱਚੇ ਬਿਨਾਂ ਸਿਗਰਟ ਨਹੀਂ ਪੀ ਸਕਦੇ। ਟਾਰ ਧੂੰਆਂ ਬਣਾਉਂਦਾ ਹੈ।"

150 ਅਤੇ ਇਸ ਪਿੱਛੇ ਬਸ ਇੱਕੋ ਗੱਲ ਹੈ, ਕਿ ਹੋਰ ਜਿਆਦਾ ਸਿਗਰਟਾਂ ਨੂੰ ਵੇਚਿਆ ਜਾਵੇ, ਜਦ ਕਿ...ਜੇ...ਮੈਨੂੰ ਉਮੀਦ ਨਹੀਂ ਹੈ ਕਿ ਤੁਸੀਂ ਸੋਚਦੇ ਹੋ ਕਿ ਮੈਂ ਧਰਮ ਨਿੰਦਕ ਜਾਂ ਕੱਟੜ ਹਾਂ। ਇਹ ਤਾਂ ਸ਼ਤਾਨ ਹੈ ਜਿਹੜਾ ਆਦਮੀ ਵਿੱਚ ਹੈ, ਜੋ ਉਸਨੂੰ ਸਿਗਰਟ ਪਿਆਉਂਦਾ ਹੈ, ਤਾਂ ਜੋ ਆਪਣੇ ਆਪ ਨੂੰ ਮਾਰੇ। ਜਦੋਂ ਉਹ—ਉਹ ਇੱਕ ਸਿਗਰਟ ਦੀ ਨਿਕੋਟੀਨ ਨੂੰ ਚਾਹੁੰਦਾ ਹੈ, ਜੋ ਉਸਦੀ ਇੱਛਾ ਪੂਰੀ ਕਰੇਗੀ, ਹੁਣ ਕੰਪਨੀ ਇਸ ਧੋਖੇਬਾਜ਼ੀ ਦੇ ਨਾਲ ਆਉਂਦੀ ਹੈ, ਅਤੇ ਕਹਿੰਦੀ ਹੈ, "ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ।" ਉਸ ਨੂੰ ਚਾਰ ਜਾਂ ਪੰਜ ਸਿਗਰਟਾਂ ਪੀਣੀਆਂ ਪੈਣਗੀਆਂ, ਆਪਣੇ ਅੰਦਰ ਓਨਾ ਟਾਰ ਬਣਾਉਣ ਲਈ

(ਉਸ ਨੂੰ ਸੰਤੁਸ਼ਟ ਕਰਨ ਲਈ) ਜਿੰਨਾ ਉਹ ਇੱਕ ਨਾਲ ਬਣਾ ਸਕਦਾ ਸੀ। ਅਮਰੀਕਨ ਆਪਣੇ ਭਰਾਵਾਂ ਅਤੇ ਭੈਣਾਂ ਨੂੰ ਮੌਤ ਵੇਚ ਰਹੇ ਹਨ! ਮੈਨੂੰ ਇਹ ਗੱਲ ਸਮਝ ਨਹੀਂ ਆਉਂਦੀ।

151 ਪਰ ਫਿਰ ਵੀ, ਉੱਥੇ, ਮੈਂ ਸੋਚਿਆ, "ਉੱਥੇ ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਹੈ ਜੋ ਸਹੀ ਹੈ।"

152 ਹੁਣ, ਜੇ ਇੱਕ ਆਦਮੀ ਸਿਗਰਟ ਪੀਂਦਾ ਹੈ, ਯਾਦ ਰੱਖੋ, ਇਹ ਇੱਕ ਸਿਗਰਟ ਪੀਣ ਵਾਲੇ ਮਨੁੱਖ ਦਾ ਸੁਆਦ ਪੈਦਾ ਕਰਦਾ ਹੈ। ਫਿਰ, ਜੇ ਤੁਸੀਂ ਇੱਕ ਨਹੀਂ ਲੈਂਦੇ-...ਜਦੋਂ ਤੱਕ ਤੁਸੀਂ ਧੂੰਏਂ ਨੂੰ ਉੱਥੇ ਨਹੀਂ ਪਹੁੰਚਾਂਦੇ ਤਦ ਤਕ ਤੁਸੀਂ ਧੂੰਏਂ ਦੀ ਤਲਬ ਨੂੰ ਪੂਰਾ ਨਹੀਂ ਕਰ ਸਕਦੇ, ਤੁਹਾਨੂੰ ਮਿਲੇਗਾ...ਸੁਆਦ ਪੈਦਾ ਕਰਨਾ ਪੈਂਦਾ ਹੈ, ਇਸ ਲਈ, ਤੁਸੀਂ ਚਾਰ, ਜਾਂ ਪੰਜ ਸਿਗਰਟਾਂ ਪੀ ਜਾਂਦੇ ਹੋ, ਅਤੇ ਇਸਦੇ ਲਈ ਤੁਹਾਨੂੰ ਉਸ ਨਾਲੋਂ ਜਿਆਦਾ ਭੁਗਤਾਨ ਕਰਨਾ ਪੈਂਦਾ ਹੈ, ਜਿਨਾ ਤੁਸੀਂ ਇੱਕ ਆਮ ਸਿਗਰਟ ਨੂੰ ਪੀ ਕੇ ਕਰਦੇ। ਦੇਖੋ, ਇਹ ਇੱਕ ਨੌਟੰਕੀ ਹੈ, ਵਿੱਕਰੀ ਲਈ ਇੱਕ ਚਾਲ ਹੈ; ਅਮਰੀਕਨ, ਲੋਕਾਂ ਨੂੰ ਧੋਖਾ ਦੇ ਰਹੇ ਹਨ। ਜਦੋਂ ਮੈਂ ਵੈਲੀ ਫੋਰਜ, ਜਾਰਜ ਵਾਸ਼ਿੰਗਟਨ ਬਾਰੇ ਸੋਚਦਾ ਹਾਂ; ਉਸ ਦੇ ਦੋ ਤਿਹਾਈ ਸੈਨਿਕਾਂ ਦੇ ਨਾਲ, ਅਤੇ ਉਨ੍ਹਾਂ ਸਰਦੀਆਂ ਦੇ ਦਿਨਾਂ ਵਿੱਚ, ਉਨ੍ਹਾਂ ਦੇ ਪੈਰਾਂ ਵਿੱਚ ਕੋਈ ਜੁੱਤੀ ਨਹੀਂ ਸੀ, ਤਾਂ ਜੋ ਸਾਡੀ ਅਰਥ ਵਿਵਸਥਾ ਬਣਾਉਣ ਜੋ ਅਸੀਂ ਹਾਂ! ਅਤੇ ਫਿਰ ਅਮਰੀਕਨ ਲੋਕ ਹੀ ਅਮਰੀਕਨ ਲੋਕਾਂ ਨੂੰ, ਆਪਣੇ ਹੀ ਭਰਾ ਅਤੇ ਭੈਣ ਨੂੰ, ਇੱਕ ਝੂਠੀ ਚਾਲ ਤਹਿਤ, ਮੌਤ ਵੇਚ ਰਹੇ ਹਨ। ਗੰਦੇ ਲਾਭ ਲਈ, ਜੋ ਸਾਰੀ ਬੁਰਾਈ ਦੀ ਜੜ੍ਹ ਹੈ। ਪੈਸੇ ਦੀ ਤਾਂਘ, ਪਿਆਰ। ਸਾਰਾ ਕੁਝ ਪਾਗਲਪਣ ਹੋ ਗਿਆ ਹੈ, ਇਹ ਨਹੀਂ ਜਾਣਦੇ ਕਿ ਇਹ ਸਾਰਾ ਕੁਝ ਨਾਸ ਹੋ ਜਾਵੇਗਾ! ਪਰ ਜੇ ਤੁਸੀਂ ਕੋਈ ਧੂਆਂ ਨਹੀਂ ਪੀਂਦੇ, ਤਾਂ ਤੁਸੀਂ ਸੁਆਦ ਨਹੀਂ ਲੈ ਸਕਦੇ।

153 ਫਿਰ ਮੈਂ ਸੋਚਿਆ, "ਉੱਥੇ ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਹੈ।" ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ! ਅਤੇ ਮੈਂ "ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਇੱਕ ਪਵਿੱਤਰ ਮਨੁੱਖ ਦਾ ਸੁਆਦ ਪੈਦਾ ਕਰਦੀ ਹੈ" ਤੋਂ ਆਪਣਾ ਵਿਸ਼ਾ ਲਿਆ ਹੈ।

154 ਇਸ ਲਈ ਮੈਂ ਸੋਚਿਆ ਕਿ ਸਾਡੀਆਂ ਨਾਮਧਾਰੀ ਜਥੇਬੰਦੀਆਂ ਨੇ ਅਜਿਹਾ ਬਹੁਤ ਜਿਆਦਾ ਕੀਤਾ ਹੈ, ਲੋਕਾਂ ਨੂੰ ਅੰਦਰ ਲੈ ਲੈਂਦੇ ਹਨ ਜੋ ਕਿਸੇ ਵੀ ਤਰ੍ਹਾਂ ਹਨ ਅਤੇ ਆਪਣੇ ਆਪ ਨੂੰ ਮਸੀਹੀ ਅਖਵਾਉਂਦੇ ਹਨ। ਕਿਉਂ? ਇਸ ਤਰ੍ਹਾਂ ਉਨ੍ਹਾਂ ਦੀ ਨਾਮਧਾਰੀ ਜਥੇਬੰਦੀ ਜਾਂ ਸੰਗਠਨਾਂ ਵਿੱਚ ਵਧੇਰੇ ਲੋਕਾਂ ਸ਼ਾਮਲ ਹੁੰਦੇ ਹਨ। ਸਾਨੂੰ ਉੱਥੇ ਜਿਆਦਾ ਲੋਕ ਮਿਲਦੇ ਹਨ ਕਿਉਂਕਿ ਅਸੀਂ ਉਨ੍ਹਾਂ ਨੂੰ *ਇਸ*, *ਉਸ*,

ਅਤੇ ਕਿਸੇ ਹੋਰ, ਅਤੇ ਕਿਸੇ ਵੀ ਚੀਜ ਅਧੀਨ ਆਉਣ ਦਿੰਦੇ ਹਾਂ। "ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਬਸ ਇਸ ਲਈ ਉਹ ਉਨ੍ਹਾਂ ਦਾ ਨਾਮ ਕਿਤਾਬ ਵਿੱਚ ਲਿਖਦੇ ਹਨ ਅਤੇ ਕਹਿੰਦੇ ਹਨ ਕਿ ਉਹ ਇੱਕ ਮਸੀਹੀ ਹਨ। ਇਹੀ ਸਭ ਹੈ। ਔਹ, 'ਵਿਸ਼ਵਾਸ ਦੁਆਰਾ ਤੁਸੀਂ ਬਚਾਏ ਗਏ ਹੋ।' ਤੁਹਾਨੂੰ ਵਿਸ਼ਵਾਸ ਕਰਨਾ ਪਵੇਗਾ।" ਸ਼ਤਾਨ ਵੀ ਇਹੀ ਕੰਮ ਕਰਦਾ ਹੈ। ਹਾਂ।

155 ਤੁਹਾਨੂੰ ਨਵੇਂ ਸਿਰਿਓਂ ਜਨਮ ਲੈਣਾ ਪੈਣਾ ਹੈ, ਅਤੇ ਇਹ ਪਰਮੇਸ਼ੁਰ ਦੇ ਛਾਣਨੀ ਰਾਹੀਂ ਆਉਂਦਾ ਹੈ! ਹੁਣ ਉੱਥੇ ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਹੈ। ਮੈਂ ਇਸਨੂੰ ਆਪਣੇ ਹੱਥ ਵਿੱਚ ਫੜਿਆ ਹੋਇਆ ਹਾਂ। ਇਹ ਇੱਕ ਨਾਮਧਾਰੀ ਕਲੀਸਿਯਾ ਦਾ ਸੁਆਦ ਪੈਦਾ ਨਹੀਂ ਕਰੇਗੀ, ਪਰ ਯਕੀਨੀ ਤੌਰ ਤੇ ਇਹ ਇੱਕ ਪਵਿੱਤਰ ਮਨੁੱਖ ਦੇ ਸੁਆਦ ਨੂੰ ਸੰਤੁਸ਼ਟ ਕਰੇਗੀ, ਤੁਸੀਂ ਜਾਣਦੇ ਹੋ।

156 ਇਸ ਛਾਣਨੀ ਵਿੱਚੋਂ ਇੱਕ ਵਾਲ-ਕੱਟੀ ਔਰਤ ਕਿਵੇਂ ਆ ਸਕਦੀ ਹੈ? ਛੋਟੇ ਕੱਪੜੇ, ਜਾਂ ਤੰਗ ਪੈਂਟਾਂ ਪਹਿਨਣ ਵਾਲੀ ਇੱਕ ਔਰਤ ਇਸ ਵਿੱਚੋਂ ਕਿਵੇਂ ਆ ਸਕਦੀ ਹੈ, ਜਦੋਂ ਬਾਈਬਲ ਕਹਿੰਦੀ ਹੈ, "ਇਹ ਪਰਮੇਸ਼ੁਰ ਲਈ ਘਿਣਾਉਣੀ ਗੱਲ ਹੈ, ਇੱਕ ਔਰਤ ਲਈ ਇੱਕ ਅਜਿਹਾ ਕੱਪੜਾ ਪਹਿਨਣਾ ਜੋ ਮਰਦ ਲਈ ਹੈ"? ਅਤੇ ਕਿਵੇਂ ਇੱਕ ਆਦਮੀ ਜੋ ਆਪਣੇ ਬਾਰੇ ਕੁਝ ਵੀ ਸੋਚਦਾ ਹੈ, ਬਾਹਰ ਜਾਂਦਾ ਹੈ ਅਤੇ ਔਰਤਾਂ ਵਾਂਗ ਕੱਪੜੇ ਪਹਿਨ ਸਕਦਾ ਹੈ, ਉਸ ਦੇ ਵਾਲਾਂ ਨੂੰ ਇੱਕ ਔਰਤ ਵਾਂਗ ਵੱਧਣ ਦਿੰਦਾ ਹੈ, ਉਸ ਦੀਆਂ ਅੱਖਾਂ ਵਿੱਚ ਤਕ, ਲਟਾਂ ਨਾਲ, ਅਤੇ *ਇਸ* ਤਰ੍ਹਾਂ ਘੁੰਗਰਾਲੇ ਬਣਾ ਕੇ? ਉਸਨੇ ਆਪਣੀ ਪਤਨੀ ਦੇ ਅੰਦਰੂਨੀ ਵਸਤਰ ਪਾਉਂਦਾ ਹੈ। ਉਸਦੀ ਪਤਨੀ ਆਪਣੇ ਪਤੀ ਦੇ ਬਾਹਰਲੇ ਕੱਪੜੇ ਪਹਿਨਦੀ ਹੈ। ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ? ਇੱਕ ਵਿਚਾਰਸ਼ੀਲ ਮਨੁੱਖ ਅਜਿਹਾ ਨਹੀਂ ਕਰੇਗਾ, ਜਾਂ ਇੱਕ ਵਿਚਾਰਸ਼ੀਲ ਇਸਤ੍ਰੀ ਅਜਿਹਾ ਨਹੀਂ ਕਰੇਗੀ। ਪਰਮੇਸ਼ੁਰ ਦਾ ਬਚਨ ਇਸ ਨੂੰ ਲੰਘਣ ਨਹੀਂ ਦੇਵੇਗਾ।

157 ਉਸ ਵਚਨ ਵਿੱਚੋਂ ਇੱਕ ਵੀ ਚੀਜ਼ ਨਹੀਂ ਲੰਘ ਸਕਦੀ। ਉਹ ਪਵਿੱਤਰ ਆਤਮਾ ਹੈ, ਅਤੇ ਇਹ ਤੁਹਾਡੇ ਵਿੱਚ ਵਚਨ ਲਿਆਉਂਦਾ ਹੈ, ਅਤੇ ਇਹ ਇੱਕ ਪਵਿੱਤਰ ਮਨੁੱਖ ਦਾ ਸੁਆਦ ਪੈਦਾ ਕਰਦਾ ਹੈ।

158 ਅੱਜ ਦੀ ਰਿਕੇਟਾ ਨੂੰ, ਗਲੀ ਵਿੱਚ ਵੇਖੋ, ਖ਼ੂਬਸੂਰਤ, ਪਰਮੇਸ਼ੁਰ ਨੇ ਉਸ ਨੂੰ ਸੁੰਦਰ ਦੇਹ ਦਿੱਤੀ ਹੈ, ਅਤੇ ਸ਼ੈਤਾਨ ਇਸਦੀ ਵਰਤੋਂ ਕਰ ਰਿਹਾ ਹੈ। ਅਤੇ ਉਹ ਇੰਨੇ ਅਨੈਤਿਕ ਕੱਪੜੇ ਪਾਵੇਗੀ, ਇਹ ਨਾ ਜਾਣਦੇ ਹੋਏ ਕਿ ਹੋ ਸਕਦਾ ਹੈ ਅੱਜ ਤੋਂ ਇੱਕ ਹਫ਼ਤੇ ਬਾਅਦ ਉਹ ਕਬਰ ਵਿੱਚ ਸੜ ਰਹੀ ਹੋਵੇ।

159 ਇੱਥੇ ਬਹੁਤ ਸਮਾਂ ਪਹਿਲਾਂ ਗਲੀ ਵਿੱਚ ਆ ਰਿਹਾ ਸੀ। ਮੈਂ ਪੱਛਮੀ ਤੱਟ

ਉੱਤੇ ਅਸੈਂਬਲੀਜ਼ ਆਫ਼ ਗੋਡ ਵਿੱਚ ਇੱਕ ਸੰਮੇਲਨ ਵਿੱਚ ਪ੍ਰਚਾਰ ਕਰ ਰਿਹਾ ਸੀ, ਦੱਖਣ-ਪੱਛਮੀ ਬਾਈਬਲ ਸਕੂਲ ਦੇ ਬਾਹਰ ਇੱਕ ਸਭਾ ਵਿੱਚ। ਇੱਕ ਛੋਟੀ ਜਿਹੀ ਔਰਤ ਸੜਕ ਤੇ ਚਲਦੀ ਹੈ, ਇੱਕ ਛੋਟਾ...ਉਹ ਛੋਟੇ ਕੱਪੜੇ ਪਹਿਣ ਕੇ, ਬਿਕਨੀ, ਜੋ ਵੀ ਤੁਸੀਂ ਇਸ ਨੂੰ ਕਹਿੰਦੇ ਹੋ, ਅਤੇ ਇੱਕ ਚਰਵਾਹੇ ਵਾਲੀ ਟੋਪੀ ਅਤੇ ਬੂਟ ਪਹਿਨੀ, ਝਾਲਰ ਬਾਹਰ ਲਟਕ ਰਹੀ ਸੀ। ਮੈਂ ਸੜਕ ਉੱਤੇ ਜਾ ਰਿਹਾ ਸੀ। ਮੈਂ ਸੋਚਿਆ, "ਵਿਚਾਰੀ ਛੋਟੀ ਲੜਕੀ, ਕਿਸੇ ਮਾਂ ਅਤੇ ਪਿਤਾ ਦੀ ਧੀ, ਜਿਸ ਨੂੰ ਇੱਥੇ ਪਰਮੇਸ਼ੁਰ ਦੀ ਧੀ ਬਣਨ ਲਈ ਰੱਖਿਆ ਗਿਆ ਸੀ, ਅਤੇ ਸ਼ੈਤਾਨ ਦਾ ਫੰਦਾ ਬਣ ਗਈ ਹੈ।" ਮੈਂ ਸੋਚਿਆ, "ਮੇਰਾ ਮੰਨਣਾ ਹੈ ਕਿ ਮੈਂ ਹੁਣੇ ਮੁੜਾਂਗਾ ਅਤੇ ਵਾਪਸ ਜਾਵਾਂਗਾ, ਅਤੇ ਉਸ ਬੱਚੀ ਨੂੰ ਦੱਸਾਂਗਾ।" ਉਹ ਮੇਰੀ ਸਾਰਾਹ ਦੀ ਉਮਰ ਦੀ ਲੱਗਦੀ ਸੀ, ਸਤਾਰਾਂ, ਸੋਲਾਂ ਸਾਲ ਜਾਂ ਏਨੀ ਕੁ ਲੱਗਦੀ ਸੀ। ਮੈਂ ਸੋਚਿਆ, "ਨਹੀਂ, ਬਿਹਤਰ ਹੋਵੇਗਾ ਮੈਂ ਨਾ ਜਾਵਾਂ। ਮੈਂ ਬੱਸ ਸੜਕ ਤੇ ਜਾਵਾਂਗਾ ਅਤੇ ਉਸਦੇ ਲਈ ਪ੍ਰਾਰਥਨਾ ਕਰਾਂਗਾ। ਜੇ ਕਿਸੇ ਨੇ ਮੈਨੂੰ ਰੁਕ ਕੇ ਉਸ ਨਾਲ ਗੱਲ ਕਰਦੇ ਦੇਖ ਲਿਆ ਤਾਂ, ਚੰਗਾ ਹੋਵੇਗਾ ਮੈਂ ਅਜਿਹਾ ਨਾ ਕਰਾਂ।"

160 ਹੁਣ, ਅਤੇ ਸੁਣੋ, ਪਰਮੇਸ਼ੁਰ ਦੇ ਪੁੱਤਰੋ, ਤੁਸੀਂ ਵੀ ਉਸੇ ਥਾਂ ਤੇ ਹੋਵੋਗੇ, ਇਸ ਦਿਨ ਦੀਆਂ ਈਜ਼ਬਲਾਂ ਤੁਹਾਡੇ ਨਾਲ ਖਿਲਵਾੜ ਕਰਨਗੀਆਂ, ਪਰ ਇੱਕ ਵਿਚਾਰਸ਼ੀਲ ਮਨੁੱਖ ਪਹਿਲਾਂ ਸੋਚੇਗਾ। ਹੋ ਸਕਦਾ ਹੈ ਉਹ ਬਹੁਤ ਸੋਹਣੀ ਹੋਵੇ, ਇਹ ਹੋ ਸਕਦਾ ਹੈ "ਮੈਂ ਉਸ ਨੂੰ ਪ੍ਰਭਾਵਿਤ ਕਰ ਦਿਆਂ," ਪਰ ਲੜਕੇ, ਇਸ ਦੇ ਲਈ ਜੋ ਕੀਮਤ ਹੈ ਉਹ ਤੁਹਾਡੀ ਰੂਹ ਹੋਵੇਗੀ; ਤੁਹਾਡੇ ਵਿੱਚੋਂ ਕੁਝ ਕੁੜੀਆਂ, ਇਹਨਾਂ ਅਵਾਰਾ ਰਿੱਕੀਆਂ ਨਾਲ! ਵਿਚਾਰਸ਼ੀਲ ਮਨੁੱਖ ਦੀ ਛਾਣਨੀ ਇੱਕ ਪਵਿੱਤਰ ਮਨੁੱਖ ਦਾ ਸੁਆਦ ਪੈਦਾ ਕਰਦੀ ਹੈ।

161 ਤੁਸੀਂ ਵਿਆਹੇ ਹੋਏ ਆਦਮੀਓ, ਜਦੋਂ ਤੁਸੀਂ ਉਨ੍ਹਾਂ ਗਲੀਆਂ ਵਿੱਚ ਔਰਤਾਂ ਨੂੰ ਇਸ ਤਰ੍ਹਾਂ ਦੇਖਦੇ ਹੋ, ਤੁਸੀਂ ਪਰਮੇਸ਼ੁਰ ਦੇ ਪੁੱਤਰੋ, ਕੀ ਤੁਹਾਨੂੰ ਇਹ ਨਹੀਂ ਪਤਾ ਕਿ ਪਹਿਲਾਂ ਸ਼ੁਰੂਆਤ ਵਿੱਚ ਕੀ ਹੋਇਆ ਸੀ? ਜਦੋਂ ਵਿਗਿਆਨ ਨੇ ਜਲ ਪਰਲੋ ਤੋਂ ਪਹਿਲਾਂ ਦੇ ਸੰਸਾਰ ਵਿੱਚ ਔਰਤਾਂ ਨੂੰ ਬਹੁਤ ਸੁੰਦਰ ਬਣਾ ਦਿੱਤਾ ਸੀ, ਏਥੋਂ ਤੱਕ ਕਿ ਪਰਮੇਸ਼ੁਰ ਦੇ ਪੁੱਤਰਾਂ ਨੇ ਮਨੁੱਖਾਂ ਦੀਆਂ ਧੀਆਂ ਨੂੰ ਲਿਆ (ਪਰਮੇਸ਼ੁਰ ਦੀਆਂ ਧੀਆਂ ਨੂੰ ਨਹੀਂ), ਅਤੇ ਪਰਮੇਸ਼ੁਰ ਨੇ ਇਸ ਗੱਲ ਨੂੰ ਕਦੇ ਨਹੀਂ ਭੁਲਾਇਆ। ਉਨ੍ਹਾਂ ਨੇ ਸਾਰਾ ਕੁਝ ਤਬਾਹ ਕਰ ਦਿੱਤਾ; ਵਿਗਿਆਨ, ਸੁੰਦਰਤਾ। ਇਹ ਹੁੰਦਾ ਸੀ...ਤੁਸੀਂ ਅੰਤਲੇ ਦਿਨਾਂ ਵਿੱਚ ਔਰਤਾਂ ਦੀ ਸੁੰਦਰਤਾ ਨੂੰ ਵੱਧਦੇ ਹੋਏ ਵੇਖਦੇ ਹੋ, ਜੋ ਅੰਤ ਦੀ ਨਿਸ਼ਾਨੀ ਹੈ; ਪਰਮੇਸ਼ੁਰ ਨੇ ਇਹ ਸਾਬਤ ਕਰ ਦਿੱਤਾ ਹੈ। ਇਸ ਲਈ, ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਦੀ ਵਰਤੋਂ ਕਰੋ, ਤੁਹਾਡੇ ਕੋਲ ਇੱਕ ਪਵਿੱਤਰ ਮਨੁੱਖ ਦਾ ਸੁਆਦ ਹੋਵੇਗਾ। ਇਹ ਤੁਹਾਡੇ

ਘਰ ਨੂੰ ਲੈ ਲਵੇਗੀ। ਇਹ ਤੁਹਾਡੇ ਅਹੁਦੇ ਨੂੰ ਲੈ ਲਵੇਗੀ। ਇਹ ਤੁਹਾਡੇ ਕੋਲੋਂ ਉਹ ਸਭ ਲੈ ਲਵੇਗੀ ਜੋ ਤੁਹਾਡੇ ਕੋਲ ਹੈ; ਇਸ ਤੋਂ ਇਲਾਵਾ, ਤੁਹਾਡਾ ਪ੍ਰਾਣ! ਇਹ ਤੁਹਾਡੇ ਘਰ ਨੂੰ ਤੋੜ ਦੇਵੇਗੀ। ਹੋ ਸਕਦਾ ਹੈ ਕਿ ਕੋਈ ਹੋਰ ਆਦਮੀ ਤੁਹਾਡੇ ਬੱਚਿਆਂ ਦਾ ਪਰਵਰਿਸ਼ ਕਰੇ, ਜਾਂ ਕੋਈ ਹੋਰ ਇਸਤ੍ਰੀ ਤੁਹਾਡੇ ਬੱਚਿਆਂ ਦੀ ਪਰਵਰਿਸ਼ ਕਰੇ।

162 ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਲਓ, ਇਹ ਇੱਕ ਪਵਿੱਤਰ ਔਰਤ ਦਾ ਸੁਆਦ ਪੈਦਾ ਕਰੇਗੀ। ਜਦੋਂ ਤੁਸੀਂ ਨਾਈ ਦੀ ਦੁਕਾਨ, ਜਾਂ ਕਿਸੇ ਹੋਰ ਚੀਜ਼ ਵੱਲ ਜਾਂਦੇ ਹੋ, ਅਤੇ ਉਹ ਤੁਹਾਨੂੰ ਦੱਸਦੇ ਹਨ, "ਤੁਹਾਨੂੰ ਸਿਰ ਦਰਦ ਹੋਣ ਵਾਲਾ ਹੈ, ਤੁਸੀਂ ਜਾਣਦੇ ਹੋ।" ਇੱਕ ਵਿਚਾਰਸ਼ੀਲ ਇਸਤ੍ਰੀ ਦੀ ਛਾਣਨੀ ਲੈਂਦੇ ਹੋ, ਜੋ ਬਾਈਬਲ ਕਹਿੰਦੀ ਹੈ, ਦੇਖੋ, ਫਿਰ ਇਸ ਤੋਂ ਮੂੰਹ ਭੂਆਂ ਲੈਂਦੇ ਹੋ। ਵੇਖਿਆ? ਤੁਸੀਂ ਇਹ ਨਾ ਕਰੋ।

163 ਮੈਂ ਤੁਹਾਡਾ ਭਰਾ ਹਾਂ, ਅਤੇ ਮੈਂ ਤੁਹਾਨੂੰ ਪ੍ਰੇਮ ਕਰਦਾ ਹਾਂ। ਮੇਰੇ ਕੋਲ ਤੁਹਾਡੇ ਵਿਰੁੱਧ ਕੁਝ ਨਹੀਂ ਹੈ। ਪਰਮੇਸ਼ੁਰ ਜਾਣਦਾ ਹੈ। ਅਤੇ ਇਹੀ ਹੈ ਜੋ ਮੈਨੂੰ ਉਹ ਗੱਲਾਂ ਕਹਿਣ ਲਈ ਮਜਬੂਰ ਕਰਦਾ ਹੈ ਜੋ ਮੈਂ ਕਰਦਾ ਹਾਂ, ਪਰਮੇਸ਼ੁਰ ਦੇ ਪ੍ਰੇਮ ਦੇ—ਦੇ ਕਰਕੇ ਜੋ ਤੁਹਾਡੇ ਲਈ ਹੈ। ਜੇ ਕੋਈ ਆਦਮੀ ਬਾਹਰ ਜਾਂਦਾ ਹੈ ਅਤੇ ਉਹ ਤੁਹਾਨੂੰ ਨਹੀਂ ਦੱਸਣਗੇ, ਤੁਹਾਡਾ ਪਾਸਟਰ ਤੁਹਾਨੂੰ ਕੋਲ ਬੈਠ ਕੇ ਇਸ ਤਰ੍ਹਾਂ ਦੇ ਕੰਮ ਕਰਨ ਦਿੰਦਾ ਹੈ, ਤਾਂ ਉਹ ਤੁਹਾਨੂੰ ਪ੍ਰੇਮ ਨਹੀਂ ਕਰਦਾ। ਉਹ ਤੁਹਾਨੂੰ ਪ੍ਰੇਮ ਨਹੀਂ ਕਰ ਸਕਦਾ। ਮੈਂ ਇਸਤ੍ਰੀਆਂ ਦੇ ਲਈ ਇਸ ਤਰ੍ਹਾਂ ਦਾ ਪ੍ਰੇਮ ਨਹੀਂ ਚਾਹਾਂਗਾ। ਮੈਂ ਚਾਹਾਂਗਾ ਕਿ ਮੇਰੀ ਭੈਣ ਪਵਿੱਤਰ ਸੁਆਦ ਨੂੰ ਲਵੇ। ਮੈਂ ਚਾਹੁੰਦਾ ਹਾਂ ਕਿ ਉਹ ਸੱਚਮੁੱਚ ਮੇਰੀ ਭੈਣ ਹੋਵੇ। ਕੋਈ ਨਾ ਕਹਿ ਸਕੇ, ਕੋਈ ਉਸ ਦੇ ਇੰਨੀ ਸੁੰਦਰ ਹੋਣ ਬਾਰੇ ਗੱਲ ਕਰੇ ਅਤੇ ਉਹ ਕਿਵੇਂ ਹੈ, ਅਤੇ ਉਹ ਕਾਮੁਕਤਾ ਦੀਆਂ ਰਾਣੀਆਂ, "ਉਹ ਜਾਂਦੀ ਹੈ…" ਊਂ-ਹੂੰ। ਨਹੀਂ। ਮੈਂ ਚਾਹੁੰਦਾ ਹਾਂ ਕਿ ਉਹ ਇੱਕ ਤੀਵੀਂ ਬਣੇ!

164 ਹੇ ਪ੍ਰਭੂ, ਮੈਨੂੰ ਚੱਟਾਨ ਦੇ ਹੇਠਾਂ ਰੱਖੋ। ਹਾਂ। ਅਫ਼ਸੀਆਂ 5:26 ਵਿੱਚ, ਕੇਵਲ ਇੱਕ ਹੀ ਤਰੀਕਾ ਹੈ ਜਿਸ ਨਾਲ ਤੁਸੀਂ ਉਸ ਚੱਟਾਨ ਵਿੱਚੋਂ ਲੰਘ ਸਕਦੇ ਹੋ, ਉਹ ਹੈ, "ਵਚਨ ਦੁਆਰਾ ਅਲਗਾਵ ਦੇ ਪਾਣੀ ਦੁਆਰਾ ਧੋਤੇ ਜਾਣਾ।" ਇਹ ਠੀਕ ਹੈ।

165 ਹੁਣ, ਇਸ ਸ਼ਤਾਨ ਨੂੰ ਆਪਣੀ ਸਿੱਖਿਆ ਨਾਲ ਤੁਹਾਡੇ ਉੱਤੇ ਛਿੜਕਾਅ ਨਾ ਕਰਨ ਦਿਓ। ਨਹੀਂ, ਨਹੀਂ। ਇਹ ਤੁਹਾਡੇ ਪ੍ਰਭਾਵ ਨੂੰ ਖਤਮ ਕਰ ਦੇਵੇਗਾ। ਸ਼ਤਾਨ ਨੂੰ ਇਹ ਨਾ ਲੈਣ ਦਿਓ, "ਅੱਛਾ, ਮੈਂ ਉਸ ਕਲੀਸਿਯਾ ਨਾਲ ਸਬੰਧਤ ਹਾਂ ਜਿਸ ਨਾਲ ਮੇਰੀ ਮਾਂ ਸਬੰਧਤ ਸੀ, ਜਿਸ ਨਾਲ ਮੇਰੇ ਪਿਤਾ, ਮੇਰੀ ਦਾਦੀ।"

ਸ਼ਤਾਨ ਨੂੰ ਇਸ ਨਾਲ ਤੁਹਾਡੇ ਤੇ ਛਿੜਕਾਅ ਨਾ ਕਰਨ ਦਿਓ। ਬਾਈਬਲ ਪਹਿਲਾਂ ਹੀ ਕਹਿ ਚੁੱਕੀ ਹੈ, ਸੱਤ ਕਲੀਸਿਯਾਈ ਯੁੱਗਾਂ ਬਾਰੇ, ਅਤੇ ਉੱਥੇ ਜੋ ਚੀਜ਼ਾਂ ਹਨ, ਇਹ ਸਭ ਕੁਝ ਬੀਜ ਵਿੱਚ ਚਲਾ ਗਿਆ ਹੈ! ਇਹ ਸਹੀ ਹੈ। ਸਾਰਾ ਕੁਝ ਭ੍ਰਿਸ਼ਟ ਹੈ। ਸਾਰੀ ਚੀਜ ਇੱਕ ਸੜਿਆ ਹੋਇਆ ਫ਼ੋੜਾ ਹੈ। ਉਸਨੂੰ ਤੁਹਾਡੇ ਉੱਤੇ ਛਿੜਕਾਅ ਨਾ ਕਰਨ ਦਿਓ, ਇਹ ਨਾ ਕਹਿਣ ਦਿਓ, “ਅੱਛਾ, ਇਹ ਉੱਚ ਨੈਤਿਕਤਾ ਹੈ। ਅਸੀਂ ਪੁਰਾਣੇ ਸਮਿਆਂ ਨਾਲੋਂ ਵੱਧ ਪੜ੍ਹੇ-ਲਿਖੇ ਹਾਂ।” ਤੁਸੀਂ ਸ਼ੈਤਾਨ ਨੂੰ ਇਹ ਤੁਹਾਡੇ ਉੱਤੇ ਨਾ ਪਾਉਣ ਦਿਓ। ਮੈਂ ਤੁਹਾਨੂੰ ਉਸਦੀ ਸਭਿਅਤਾ, ਸਿੱਖਿਆ ਅਤੇ ਵਿਗਿਆਨ ਦਾ ਪੂਰਾ ਪ੍ਰੋਗਰਾਮ ਦਿਖਾਇਆ ਹੈ। ਉਹ ਇਸਨੂੰ ਬਿਲਕੁਲ ਕਲੀਸਿਯਾ ਵਿੱਚ ਲੈ ਆਇਆ ਹੈ, ਅਤੇ ਤੁਸੀਂ ਉਸ ਨੂੰ ਨਾ ਸੁਣਿਓ। ਆਪਣੇ ਦਿਮਾਗ ਨੂੰ ਪੁਰਾਣੇ ਗੰਦੇ ਟੈਲੀਵਿਜ਼ਨਾਂ ਅਤੇ ਚੀਜ਼ਾਂ ਤੋਂ ਬਾਹਰ ਰੱਖੋ!

166 ਅਤੇ ਸਾਡਾ ਵਿਸ਼ਾ ਕਹਿੰਦਾ ਹੈ, “ਅਨੁਕੂਲ ਨਾ ਬਣੋ, ਪਰ ਬਦਲਦੇ ਜਾਓ।” ਅੰਦਰ ਨਾ ਜਾਓ ਅਤੇ ਕਹੋ, “ਮੈਨੂੰ ਐਤਵਾਰ ਨੂੰ, ਪੱਕਾ ਕੀਤਾ ਗਿਆ ਸੀ।” ਨਹੀਂ। ਅੰਦਰ ਜਾਓ ਅਤੇ ਹੁਣੇ ਬਦਲ ਜਾਓ, ਜੋ ਤੁਸੀਂ ਹੋ, ਉਸ ਤੋਂ ਬਦਲ ਕੇ, ਉਹ ਬਣੋ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਬਣੋ।

167 ਹੁਣ, ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਇਹ ਤੁਹਾਡੇ ਵਿੱਚ ਕਿਸ ਕਿਸਮ ਦਾ ਬੀਜ ਹੈ। ਜੇਕਰ ਤੁਹਾਡੇ ਅੰਦਰ ਇੱਕ ਬੌਧਿਕ, ਵਿਦਿਅਕ ਬੀਜ ਰੱਖਿਆ ਗਿਆ ਹੈ, ਤਾਂ ਇਹ ਕੇਵਲ ਇੱਕ ਹੀ ਕੰਮ ਕਰ ਸਕਦਾ ਹੈ, ਤੁਹਾਨੂੰ ਵਿਗਾੜਨਾ, ਪਰਮੇਸ਼ੁਰ ਦੇ ਪੁੱਤਰ ਜਾਂ ਧੀ ਲਈ, ਬਸ ਇਹੀ ਕੁਝ ਹੈ। ਇਹ ਸਿਰਫ਼ ਇੱਕੋ ਚੀਜ਼ ਕਰ ਸਕਦਾ ਹੈ। ਅੱਜ ਲੋਕ, ਜਿਵੇਂ ਮੈਂ ਦੇਖਦਾ ਹਾਂ, ਉਹ ਇਸ ਤਰ੍ਹਾਂ ਕੰਮ ਕਰਦੇ ਹਨ ਜਿਵੇਂ ਉਹ ਵਿਸ਼ਵਾਸ ਨਹੀਂ ਕਰਦੇ ਕਿ ਕੋਈ ਪਰਮੇਸ਼ੁਰ ਹੈ।

168 ਇਸ ਸਮੀਕਰਨ ਨੂੰ ਮਾਫ਼ ਕਰਨਾ। ਜੇਕਰ ਇਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਮੇਰਾ ਇਹ ਮਤਲਬ ਨਹੀਂ ਹੈ। ਦੋ ਕੁ ਐਤਵਾਰ ਪਹਿਲਾਂ ਮੈਨੂੰ, ਮੇਰੀ ਆਪਣੀ ਹੀ ਧੀ ਨੇ ਬੁਲਾਇਆ ਸੀ, ਕਿ ਮੈਂ ਟੈਲੀਵਿਜ਼ਨ ਵੇਖਣ ਆਵਾਂ ਅਤੇ ਇੱਕ ਧਾਰਮਿਕ ਗੀਤ ਵੇਖਾਂ। ਇਹ ਐਤਵਾਰ ਦੀ ਸਵੇਰ ਸੀ। ਮੈਂ ਓਰਲ ਰੌਬਰਟਸ ਨੂੰ ਉਸਦੇ ਪ੍ਰੋਗਰਾਮ ਵਿੱਚ ਸੁਣਨਾ ਚਾਹੁੰਦਾ ਸੀ, ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਦੱਸ ਦੇਣਾ। ਉਨ੍ਹਾਂ ਨੇ ਕਿਹਾ, “ਤੁਸੀਂ ਇਸਨੂੰ ਸੁਣੋ, ਇਹ ਇੱਕ ਮਹਾਨ ਭਜਨ ਗਾਇਨ ਹੈ।” ਉਥੇ ਖੜ੍ਹੇ ਮੇਰੇ ਬੇਟੇ ਨੇ, ਵੀ ਮੈਨੂੰ ਇਸ ਬਾਰੇ ਦੱਸਿਆ। ਅਤੇ ਮੈਂ ਉਸ ਸੈਟ ਨੂੰ ਚਲਾਇਆ…

169 ਅਸੀਂ ਉਸ ਔਰਤ ਤੋਂ ਕਿਰਾਏ ਤੇ ਲੈਂਦੇ ਹਾਂ ਜਿਸ ਦੇ ਘਰ ਟੈਲੀਵਿਜ਼ਨ ਹੈ।

ਮੈਂ ਕਦੇ ਵੀ ਨਹੀਂ ਚਾਹਿਆ ਕਿ ਇਹ ਮੇਰੇ ਘਰ ਵਿੱਚ ਹੋਵੇ। ਨਹੀਂ, ਸ਼੍ਰੀ ਮਾਨ। ਮੈਨੂੰ ਉਹ ਚੀਜ਼ ਮੇਰੇ ਘਰ ਵਿੱਚ ਨਹੀਂ ਚਾਹੀਦੀ। ਮੈਂ ਇਸਨੂੰ ਆਪਣੀ ਬੰਦੂਕ ਨਾਲ ਉਡਾ ਦਿਆਂਗਾ। ਮੈਂ ਉਸ ਭੈੜੀ ਚੀਜ਼ ਨਾਲ ਕੁਝ ਨਹੀਂ ਕਰਨਾ ਚਾਹੁੰਦਾ। ਨਹੀਂ, ਸ਼੍ਰੀ ਮਾਨ! ਪਰ ਇੱਕ ਲਿਆ...

170 ਮੈਂ ਤੁਹਾਨੂੰ ਇੱਥੇ ਤੁਹਾਡੇ ਅਰੀਜ਼ੋਨਾ ਦੇ ਲੋਕਾਂ ਬਾਰੇ ਦੱਸਦਾ ਹਾਂ। ਤੁਸੀਂ ਉਸ ਦਿਨ, ਸਕੂਲਾਂ ਦਾ ਵਿਸ਼ਲੇਸ਼ਣ ਦੇਖਿਆ ਸੀ, ਕੀ ਤੁਸੀਂ ਨਹੀਂ ਵੇਖਿਆ? ਐਰੀਜ਼ੋਨਾ ਦੇ ਸਕੂਲਾਂ ਦੇ ਅੱਸੀ ਫੀਸਦੀ ਬੱਚੇ ਮਾਨਸਿਕ ਕਮਜ਼ੋਰੀ ਨਾਲ ਜੂਝ ਰਹੇ ਹਨ, ਉਨ੍ਹਾਂ ਵਿੱਚੋਂ ਸਤਾਹਠ ਪ੍ਰਤੀਸ਼ਤ ਟੈਲੀਵਿਜ਼ਨ ਦੇਖਣ ਕਰਕੇ ਸਨ। ਇਸ ਬਾਰੇ ਕੀ ਹੈ?

171 ਬਿਹਤਰ ਹੁੰਦਾ ਤੁਸੀਂ ਆਪਣੀ ਬੰਦੂਕ ਵਰਤ ਲੈਂਦੇ! ਸਮਝੇ? ਹੁਣ, ਸ਼ਤਾਨ ਨੂੰ ਇਸ ਨਾਲ ਤੁਹਾਡੇ ਉੱਤੇ ਛਿੜਕਾਅ ਨਾ ਕਰਨ ਦਿਓ। ਨਹੀਂ, ਸ਼੍ਰੀ ਮਾਨ। ਹੁਣ ਲੋਕ, ਜਿਵੇਂ ਕਿ ਮੈਂ ਕਿਹਾ ਸੀ, ਲੋਕ ਇਸ ਤਰ੍ਹਾਂ ਦੇ ਕੰਮ ਕਰਦੇ ਹਨ ਜਿਵੇਂ ਉਨ੍ਹਾਂ ਦਾ ਨਿਆਂ ਨਹੀਂ ਹੋਵੇਗਾ।

172 ਇਹ ਲੜਕੇ ਅਤੇ ਲੜਕੀਆਂ, ਉਹਨਾਂ ਦਾ ਕੁਝ ਭਾਰਤੀ ਪਰਿਵਾਰ ਸੀ, ਅਤੇ ਬਹੁਤ ਸਾਰਾ ਸਮਾਨ ਸੀ। ਮੈਨੂੰ ਲੱਗਦਾ ਹੈ ਕਿ ਸ਼੍ਰੀ ਮਾਨ ਪੂਲ ਨਾਮ ਦਾ ਇੱਕ ਆਦਮੀ ਇਸਦਾ ਪ੍ਰਧਾਨ ਹੈ। ਅਤੇ ਜੇ ਮੈਂ ਕਦੇ ਭਜਨਾਂ ਦਾ ਇੱਕ ਆਧੁਨਿਕ ਮਜ਼ਾਕ ਵੇਖਿਆ ਹੈ, ਤਾਂ ਉਹ ਇਹੀ ਕਰ ਰਹੇ ਸਨ; ਅਵਾਰਾ ਲੋਕਾਂ ਦਾ ਇੱਕ ਝੁੰਡ ਉੱਥੇ ਖੜ੍ਹਾ ਸੀ, ਆਪਣੇ ਹੱਥ ਉੱਪਰ-ਹੇਠਾਂ ਹਿਲਾ ਰਹੇ ਸਨ।

173 ਮੈਂ ਯਕੀਨੀ ਤੌਰ ਤੇ ਅੱਜ ਸਵੇਰੇ ਇੱਥੇ ਉਸ ਨੌਜਵਾਨ ਦੀ ਪ੍ਰਸ਼ੰਸਾ ਕੀਤੀ, ਜਿਸ ਨੇ ਇੱਕ ਅਸਲੀ ਆਦਮੀ ਵਾਂਗ ਗਇਆ ਸੀ, ਸੁੱਘੜ ਦਿਖਾਈ ਦੇ ਰਿਹਾ ਸੀ। ਮੈਨੂੰ—ਮੈਨੂੰ ਇਹ ਪਸੰਦ ਹੈ। ਕਈ ਵਾਰ ਜਦੋਂ ਤੁਸੀਂ—ਤੁਸੀਂ ਵਪਾਰੀ ਲੋਕ ਇੱਥੇ ਇਹਨਾਂ ਅਵਾਰਾ ਮੁੰਡਿਆ ਦਾ ਇੱਕ ਝੁੰਡ ਲੈ ਆਉਂਦੇ ਹੋ ਜੋ ਇੱਥੇ ਖੜੇ ਹੋ ਜਾਂਦੇ ਹਨ, ਅਤੇ ਰੌਲਾ ਪਾਉਂਦੇ ਹਨ, ਅਤੇ ਇਹੀ ਕਰਦੇ ਰਹਿੰਦੇ ਹਨ, ਅਤੇ ਆਪਣੇ ਸਾਹ ਨੂੰ ਉਦੋਂ ਤੱਕ ਰੋਕਦੇ ਹਨ ਜਦੋਂ ਤੱਕ ਉਹਨਾਂ ਦੇ ਮੂੰਹ ਨੀਲੇ ਨਹੀਂ ਹੋ ਜਾਂਦੇ; ਅਤੇ ਇਹ ਗਾਉਣਾ ਨਹੀਂ ਹੈ, ਇਹ ਤਾਂ ਬਸ ਵਿਗਿਆਨਕ ਤਰੀਕੇ ਨਾਲ ਬਹੁਤ ਸਾਰਾ ਰੌਲਾ ਪਾਇਆ ਜਾ ਰਿਹਾ ਹੈ। *ਗਾਉਣਾ ਤਾਂ* "ਦਿਲ ਤੋਂ ਉੱਠੀ ਧੁਨ ਹੈ।"

174 ਅਤੇ ਮੈਂ ਸੋਚਿਆ, "ਕਿੰਨੀ ਤਰਸਯੋਗ ਹਾਲਤ ਹੈ! ਇਹ ਕਿੰਨੀ ਸ਼ਰਮ ਦੀ ਗੱਲ ਹੈ! ਤਾਂ ਫਿਰ ਧਰਮ ਦੇ ਨਾਂ ਹੇਠ ਉਹ ਕਿਵੇਂ, ਇਸ ਤਰ੍ਹਾਂ ਦੇ ਕੰਮ ਕਰਦੇ ਹਨ ਜਿਵੇਂ ਕੋਈ ਪਰਮੇਸ਼ੁਰ ਨਹੀਂ ਹੈ!" ਕਿਸੇ ਨੇ, ਉਸ ਦਿਨ, ਉਸ ਲੜਕੇ ਨੂੰ ਕਿਹਾ ਜੋ ਮੇਰੀ ਧੀ ਨਾਲ ਜਾਂਦਾ ਹੈ, ਮਸੀਹੀ ਲੜਕੇ ਨੇ ਕਿਹਾ, ਆਦਮ ਅਤੇ

ਹੱਵਾ ਬਾਰੇ ਇੱਕ ਸ਼ਾਨਦਾਰ ਟਿੱਪਣੀ ਕੀਤੀ, ਕਿਹਾ, "ਹੱਵਾ ਬਾਗ ਵਿੱਚੋਂ ਲੰਘ ਰਹੀ ਸੀ। ਉਸ ਨੇ ਕਿਹਾ, 'ਬੱਚਿਓ, ਕੀ ਤੁਸੀਂ ਉਸ ਦਰੱਖਤ ਨੂੰ ਵੇਖ ਰਹੇ ਹੋ?' ਕਿਹਾ, 'ਇਹ ਉਹ ਥਾਂ ਹੈ ਜਿੱਥੇ ਤੁਹਾਡੀ ਮਾਂ ਨੇ ਫਲ ਖਾ ਕੇ ਸਾਨੂੰ ਘਰੋਂ ਬੇਘਰ ਕਰ ਦਿੱਤਾ ਸੀ।'" ਕੀ ਤੁਸੀਂ ਕਲਪਨਾ ਕਰ ਸਕਦੇ ਹੋ, ਇਨ੍ਹਾਂ ਨੂੰ ਕੱਟੜ ਮਸੀਹੀ ਹੋਣਾ ਚਾਹੀਦਾ ਹੈ, ਜੋ ਇੱਕ ਵਾਅਦਾ ਅਤੇ ਪਰਮੇਸ਼ੁਰ ਦਾ ਇੱਕ ਬਚਨ ਲੈਣਗੇ ਅਤੇ ਇਸਨੂੰ ਇੱਕ ਸੂਰਾਂ ਦੇ ਵਾੜੇ ਵਿੱਚ ਸੁੱਟ ਦੇਣਗੇ! ਉਹ ਇਸ ਤਰ੍ਹਾਂ ਦੇ ਕੰਮ ਕਰਦੇ ਹਨ ਜਿਵੇਂ ਉਨ੍ਹਾਂ ਨੂੰ ਨਿਆਂ ਦੇ ਲਈ ਆਉਣਾ ਹੀ ਨਹੀਂ ਪਵੇਗਾ। ਪਰ ਪਰਮੇਸ਼ੁਰ ਹਰ ਗੁਪਤ ਗੱਲ ਨੂੰ ਨਿਆਂ ਵਿੱਚ ਲਿਆਵੇਗਾ। ਉਹ ਇਸ ਤਰ੍ਹਾਂ ਦੇ ਕੰਮ ਕਰਦੇ ਹਨ ਜਿਵੇਂ ਕੋਈ ਪਰਮੇਸ਼ੁਰ ਨਹੀਂ ਹੈ।

175 ਮੈਂ ਉਨ੍ਹਾਂ ਨੂੰ ਮੂਰਖ ਨਹੀਂ ਕਹਿਣਾ ਚਾਹੁੰਦਾ, ਕਿਉਂਕਿ ਬਾਈਬਲ ਕਹਿੰਦੀ ਹੈ ਕਿ ਮੂਰਖ...ਸਹੀ ਨਹੀਂ ਹੈ। ਯਿਸੂ ਨੇ ਕਿਹਾ ਕਿ ਇਹ ਨਹੀਂ ਹੈ। "ਕਿਸੇ ਵੀ ਵਿਅਕਤੀ ਨੂੰ ਮੂਰਖ ਨਾ ਕਹੋ।" ਪਰ ਜ਼ਬੂਰ 14:1 ਵਿੱਚ, "ਮੂਰਖ ਨੇ ਆਪਣੇ ਮਨ ਵਿੱਚ ਕਿਹਾ, 'ਕੋਈ ਪਰਮੇਸ਼ੁਰ ਨਹੀਂ ਹੈ।'" ਵੇਖਿਆ? ਉਹ—ਉਹ ਨਹੀਂ ਹਨ...ਮੈਂ ਉਨ੍ਹਾਂ ਨੂੰ ਮੂਰਖ ਨਹੀਂ ਕਹਿਣਾ ਚਾਹੁੰਦਾ, ਪਰ ਉਹ ਅਜਿਹੇ ਕੰਮ ਕਰਦੇ ਹਨ ਜਿਵੇਂ ਉਹ ਮੂਰਖ ਹਨ। ਉਹ ਇਸ ਤਰ੍ਹਾਂ ਦੇ ਕੰਮ ਕਰਦੇ ਹਨ।

176 ਇਸ ਲਈ, ਤੁਸੀਂ ਵੇਖੋ ਕਿ ਅਸੀਂ ਅੱਜ ਕਿੱਥੇ ਹਾਂ, ਜਿਵੇਂ, "ਇੱਥੇ ਕੋਈ ਪਰਮੇਸ਼ੁਰ ਨਹੀਂ ਹੈ।" "ਮੈਂ ਕਲੀਸਿਯਾ ਤੋਂ ਹਾਂ!" ਅਤੇ ਉਹ ਸਭ, ਸਾਰੀ ਗੱਲ, ਬਾਈਬਲ ਦਾ, ਇੱਕ ਵੱਡਾ ਮਜ਼ਾਕ ਹੈ। "ਸਾਡੀ ਕਲੀਸਿਯਾ ਜਾਣਦੀ ਹੈ ਕਿ ਉਹ ਕਿੱਥੇ ਜਾ ਰਹੇ ਹਨ!" ਹਾਂ...[ਟੇਪ ਉੱਤੇ ਖਾਲੀ ਥਾਂ—ਸੰਪਾ.]... ਸਿੱਧਾ ਨਰਕ ਵਿੱਚ, ਬਿਲਕੁਲ। ਉਨ੍ਹਾਂ ਦੇ ਸਫ਼ਰ ਵਿੱਚ ਹਨ, ਵਿਗਿਆਨ ਅਤੇ ਸਿੱਖਿਆ, ਧਰਮ ਦੇ ਵਿੱਦਿਅਕ ਅਦਾਰਿਆਂ ਅਤੇ ਚੀਜ਼ਾਂ ਦੁਆਰਾ, ਬੱਸ ਉਹਨਾਂ ਨੂੰ ਸਫ਼ਰ ਦੇ ਅੰਤ ਵੱਲ ਧੱਕ ਰਹੇ ਹਨ। ਪਵਿੱਤਰ ਆਤਮਾ ਕੋਲ ਕਿਸੇ ਵੀ ਚੀਜ਼ ਦਾ ਪ੍ਰਕਾਸ਼ਣ ਦੇਣ ਦਾ ਮੌਕਾ ਨਹੀਂ ਹੈ; ਧਰਮ ਸੰਸਥਾਨ ਨੇ ਇਸ ਨੂੰ ਕੱਟ ਦਿੱਤਾ ਹੈ।

177 ਪਵਿੱਤਰ ਆਤਮਾ ਸਾਡੀ ਅਗਵਾਈ ਕਰਨ ਲਈ ਹੈ; ਨਾ ਕਿ ਇੱਕ ਧਰਮ ਸੰਸਥਾਨ, ਬਿਸ਼ਪ ਅਤੇ ਓਵਰਸੀਅਰ, ਅਤੇ ਹੋਰ ਵਗੈਰਾ-ਵਗੈਰਾ। ਪਵਿੱਤਰ ਆਤਮਾ ਸਾਡਾ ਆਗੂ ਹੈ।

178 ਕਇਨ ਅਜਿਹਾ ਵਿਅਕਤੀ ਸੀ। ਉਹ ਅਸਲ ਵਿਚ ਬਹੁਤ ਧਾਰਮਿਕ ਸੀ। ਹੁਣ, ਜੇ ਧਰਮ ਉਹ ਸਭ ਕੁਝ ਹੈ ਜੋ ਤੁਹਾਡੇ ਕੋਲ ਹੋਣਾ ਚਾਹੀਦਾ ਹੈ, ਤਾਂ ਪਰਮੇਸ਼ੁਰ ਨੇ ਕਇਨ ਨੂੰ ਦੋਸ਼ੀ ਠਹਿਰਾ ਕੇ ਬੇਇਨਸਾਫ਼ੀ ਕੀਤੀ। ਕਿਉਂਕਿ, ਉਹ ਧਾਰਮਿਕ ਸੀ, ਉਹ ਹਾਬਲ ਵਾਂਗ ਹੀ ਧਾਰਮਿਕ ਅਤੇ ਇਮਾਨਦਾਰ ਸੀ। ਹੁਣ

ਯਾਦ ਕਰੋ, ਉਹ ਪਰਮੇਸ਼ੁਰ ਬਾਰੇ ਸੋਚਦਾ ਸੀ, ਉਸਨੇ ਪਰਮੇਸ਼ੁਰ ਦੀ ਅਰਾਧਨਾ ਕੀਤੀ, ਉਸ ਕੋਲ ਇੱਕ ਕਲੀਸਿਯਾ ਸੀ, ਉਸਨੇ ਇੱਕ ਜਗਵੇਦੀ ਬਣਾਈ, ਉਸਨੇ ਇੱਕ ਬਲੀ ਚੜ੍ਹਾਈ, ਉਸਨੇ ਪ੍ਰਾਰਥਨਾ ਕੀਤੀ, ਉਸਨੇ ਅਰਾਧਨਾ ਕੀਤੀ, ਪਰ ਉਸਨੂੰ ਰੱਦ ਕਰ ਦਿੱਤਾ ਗਿਆ। ਕੋਈ ਫ਼ਰਕ ਨਹੀਂ ਪੈਂਦਾ ਕਿ ਕਿਵੇਂ... ਏਸਾਓ, ਨੂੰ ਵੀ। ਸਮਝੇ?

179 ਧਰਮ, ਦੇਖੋ, ਇਹ ਸ਼ਤਾਨ ਦਾ ਕਾਰੋਬਾਰ ਹੈ; ਪੂਰੀ ਚੀਜ਼ ਨੂੰ ਮਾਰਨ ਲਈ ਨਹੀਂ, ਪਰ ਸਿਰਫ ਇਸ ਨੂੰ ਗੰਦਾ ਕਰਨ ਲਈ। ਇਹੀ ਸਭ ਹੈ। ਉਹ ਸਾਰੀ ਚੀਜ਼ ਨੂੰ ਮਾਰਨ ਨਹੀਂ ਜਾ ਰਿਹਾ। ਔਹ, ਸਾਮਵਾਦੀ ਨਹੀਂ; ਨਹੀਂ, ਨਹੀਂ, ਸਾਮਵਾਦ ਮਸੀਹ ਵਿਰੋਧੀ ਨਹੀਂ ਹੈ। ਬਾਈਬਲ ਨੇ ਕਿਹਾ, "ਜੇ ਇਹ ਹੋ ਸਕਦਾ ਤਾਂ ਇਹ ਚੁਣੇ ਹੋਏ ਲੋਕਾਂ ਨੂੰ ਵੀ ਭਰਮਾ ਲੈਂਦਾ।" ਲੋਹੇ ਦੇ ਪਰਦੇ ਵੱਲ ਨਹੀਂ, ਪਰ ਜਾਮਨੀ ਪਰਦੇ ਵੱਲ ਧਿਆਨ ਦਿਓ। ਉੂੰ-ਹੂੰ।

180 ਪਰ, ਧਿਆਨ ਦਿਓ, ਕਾਇਨ ਅਰਾਧਨਾ ਕਰਨ ਆਇਆ ਸੀ, ਪਰ ਉਸ ਵਿੱਚ ਗਲਤ ਬੀਜ ਸੀ, ਸੱਪ ਦਾ ਬੀਜ। ਸੱਪ ਦੀ ਫੂੰਕਾਰ ਨੇ ਉਸ ਉੱਤੇ ਫੂੰਕਾਰਾ ਮਾਰਿਆ ਸੀ, ਕਿਉਂਕਿ ਉਹ ਇਸਤ੍ਰੀ ਦਾ ਬੀਜ ਸੀ। ਉਹ ਪਰਮੇਸ਼ੁਰ ਦੀ ਸਿੱਧ ਇੱਛਾ ਨੂੰ ਜਾਣਦਾ ਸੀ, ਪਰ ਉਸ ਨੇ ਇਸ ਨੂੰ ਪੂਰਾ ਕਰਨ ਤੋਂ ਇਨਕਾਰ ਕਰ ਦਿੱਤਾ। ਕੀ ਤੁਸੀਂ ਇਹ ਜਾਣਦੇ ਹੋ? ਸ਼ਤਾਨ ਪਰਮੇਸ਼ੁਰ ਦੀ ਇੱਛਾ ਨੂੰ ਜਾਣਦਾ ਹੈ, ਪਰ ਬਸ ਇਸ ਨੂੰ ਪੂਰਾ ਕਰਨ ਲਈ ਇਨਕਾਰ ਕਰ ਦਿੰਦਾ ਹੈ।

181 ਧਿਆਨ ਦਿਓ, ਉਸ ਨੇ ਦੇਖ ਲਿਆ ਸੀ ਕਿ ਪਰਮੇਸ਼ੁਰ ਨੇ ਹਾਬਲ ਦੇ ਸੰਦੇਸ਼ ਨੂੰ ਸਹੀ ਸਾਬਤ ਕੀਤਾ ਸੀ। ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਸੋਚੋ, ਹੁਣ ਇੱਕ ਮਿੰਟ ਲਈ ਆਪਣੀ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਦਾ ਇਸਤੇਮਾਲ ਕਰੋ। ਹਾਬਲ ਦਾ ਸਹੀ ਸੰਦੇਸ਼, ਜਿਸ ਨੂੰ ਪਰਮੇਸ਼ੁਰ ਨੇ ਸੱਚਾ ਸਾਬਤ ਕੀਤਾ! ਕੀ ਹੁਣ ਤੁਸੀਂ ਸਮਝ ਰਹੇ ਹੋ? ਉੂੰ-ਹੂੰ। ਹਾਬਲ ਦਾ ਸੰਦੇਸ਼ ਸਵੀਕਾਰ ਕੀਤਾ ਗਿਆ ਸੀ, ਅਤੇ ਕਾਇਨ ਨੇ ਇਸਨੂੰ ਦੇਖਿਆ ਅਤੇ ਜਾਣਿਆ ਕਿ ਪਰਮੇਸ਼ੁਰ ਨੇ ਉਸ ਸੰਦੇਸ਼ ਨੂੰ ਸਹੀ ਠਹਿਰਾਇਆ ਸੀ। ਪਰ ਉਹ ਅਜਿਹਾ ਨਹੀਂ ਕਰ ਸਕਿਆ। ਉਸ ਦੇ ਹੰਕਾਰ ਨੇ ਉਸ ਨੂੰ ਇਹ ਕਰਨ ਤੋਂ ਰੋਕ ਦਿੱਤਾ। ਇਹ ਸਹੀ ਹੈ, ਉਸਦੇ ਹੰਕਾਰ ਨੇ ਉਸਨੂੰ ਅਜਿਹਾ ਕਰਨ ਤੋਂ ਰੋਕਿਆ। ਉਸਨੇ ਪਰਮੇਸ਼ੁਰ ਦੇ ਪ੍ਰਮਾਣਿਤ ਸੰਦੇਸ਼ ਨੂੰ ਦੇਖਿਆ ਸੀ।

182 ਇਸ ਲਈ ਹੁਣ ਇਹ ਜਾਪਦਾ ਹੈ, ਲੋਕਾਂ ਲਈ ਪਰਮੇਸ਼ੁਰ ਦੇ ਬਚਨ ਲਈ ਆਪਣੇ ਆਪ ਨੂੰ ਹਲੀਮ ਬਣਾਉਣਾ ਬਹੁਤ ਔਖਾ ਹੈ। ਉਹ—ਉਹ—ਉਹ ਬੱਸ ਇਹ ਨਹੀਂ ਕਰਨਾ ਚਾਹੁੰਦੇ। ਉਹ ਆਪਣੇ ਆਪ ਨੂੰ ਕਲੀਸਿਯਾ ਦੀ ਮਤ ਲਈ ਹਲੀਮ ਕਰ ਲੈਣਗੇ, ਯਕੀਨਨ, ਪਰ ਪਰਮੇਸ਼ੁਰ ਦੇ ਵਚਨ ਲਈ ਨਹੀਂ।

183 ਜੇ ਤੁਸੀਂ ਇਸ ਨੂੰ ਲੱਭਣਾ ਚਾਹੁੰਦੇ ਹੋ, ਤਾਂ ਤੁਸੀਂ ਜਾਓ...ਮੇਰੇ ਕੋਲ ਇੱਥੇ ਲਿਖਤਾਂ ਹਨ, ਜਿਸਦਾ ਮੈਂ ਇੱਥੇ ਜ਼ਿਕਰ ਕਰ ਰਿਹਾ ਹਾਂ। ਉਤਪਤ 4:6 ਅਤੇ 7, ਪਰਮੇਸ਼ੁਰ ਨੇ ਕਾਇਨ ਨੂੰ ਕਿਹਾ, ਕਿਹਾ, "ਤੇਰਾ ਮੂੰਹ ਕਿਉਂ ਉੱਤਰ ਗਿਆ ਹੈ? ਤੂੰ ਕਿਉਂ ਕ੍ਰੋਧ ਨਾਲ ਭਰਿਆ ਹੋਇਆ, ਏਧਰ-ਉਧਰ ਫਿਰ ਰਿਹਾ ਹੈਂ? ਤੂੰ ਹੁਣੇ ਇੱਕ ਸੰਦੇਸ਼ ਸੁਣਿਆ ਹੈ ਜਿਸਨੇ ਤੈਨੂੰ ਪਰੇਸ਼ਾਨ ਕਰ ਦਿੱਤਾ ਹੈ।" ਉਸ ਨੇ ਕਿਹਾ, "ਖੈਰ, ਤੂੰ ਅਜਿਹਾ ਕਿਉਂ ਕਰ ਰਿਹਾ ਹੈਂ? ਤੇਰਾ ਮੂੰਹ ਕਿਉਂ ਉੱਤਰ ਗਿਆ ਹੈ, ਕਿਉਂਕਿ ਮੈਂ ਤੇਰੀ ਕਲੀਸਿਯਾ ਵਿੱਚ ਨਹੀਂ ਆਇਆ? ਤਾਂ ਤੂੰ ਅਜਿਹਾ ਕਿਉਂ ਕੀਤਾ?"

ਕੀ ਤੁਸੀਂ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਦੀ ਵਰਤੋਂ ਕਰ ਰਹੇ ਹੋ? ਸਮਝੇ?

184 ਜਾਂ, "ਕਿਉਂ ਨਹੀਂ...ਤੂੰ ਇਸ ਤਰ੍ਹਾਂ ਕਿਉਂ ਦਿੱਖ ਰਿਹਾ ਹੈਂ?" ਕਿਹਾ, "ਜੇ ਤੂੰ ਭਲਾ ਕਰੇਂ, ਤਾਂ ਜਾ ਜਿਵੇਂ ਤੇਰਾ ਭਰਾ ਕਰ ਰਿਹਾ ਹੈ ਉਸੇ ਤਰ੍ਹਾਂ ਕਰ, ਮੈਂ ਤੈਨੂੰ ਸਵੀਕਾਰ ਕਰਾਂਗਾ ਅਤੇ ਤੈਨੂੰ ਅਸੀਸ ਦੇਵਾਂਗਾ। ਮੈਂ ਤੇਰੇ ਲਈ ਉਹੀ ਕੰਮ ਕਰਾਂਗਾ।" ਪਰ ਉਹ ਤਾਂ ਬਸ ਅਜਿਹਾ ਕਰ ਹੀ ਨਹੀਂ ਸਕਿਆ। ਉਸ ਨੇ ਕਿਹਾ, "ਹੁਣ, ਜੇ ਤੂੰ ਭਲਾ ਨਾ ਕਰੇਂ, ਤਾਂ ਅਵਿਸ਼ਵਾਸ ਦਾ ਪਾਪ ਬੂਹੇ ਤੇ ਬੈਠਾ ਹੈ।"

185 ਹੁਣ ਜਦੋਂ ਉਹ ਸਾਨੂੰ ਦੱਸਦੇ ਹਨ, "ਚਮਤਕਾਰਾਂ ਦੇ ਦਿਨ ਬੀਤ ਚੁੱਕੇ ਹਨ," ਉਹ ਇਸ ਨੂੰ ਬਿਲਕੁਲ ਸਿੱਧਤਾ ਨਾਲ ਪ੍ਰਮਾਣਿਤ ਅਤੇ ਸਾਬਤ ਹੁੰਦੇ ਹੋਏ ਵੇਖਦੇ ਹਨ, ਤੁਸੀਂ ਦੇਖੋ, ਪਰਕਾਸ਼ ਦੀ ਪੋਥੀ 10 ਅਤੇ ਮਲਾਕੀ 4 ਦੀਆਂ ਇਹ ਸਾਰੀਆਂ ਗੱਲਾਂ, ਜਿਨ੍ਹਾਂ ਦਾ ਪਰਮੇਸ਼ੁਰ ਨੇ ਵਾਅਦਾ ਕੀਤਾ ਸੀ ਕਿ ਉਹ ਅੰਤਲੇ ਦਿਨਾਂ ਵਿੱਚ ਕਰੇਗਾ। ਉਹ ਸਾਰੀਆਂ ਚੀਜ਼ਾਂ ਬਿਲਕੁਲ ਸਹੀ ਸਾਬਤ ਹੋਈਆਂ, ਭਰਾਵੋ, ਕੀ ਗੱਲ ਹੈ? ਕੀ ਗਲਤ ਹੈ, ਸਮਝੇ?

186 ਜੇ ਉਹ ਨਹੀਂ ਕਰਦੇ, ਤਾਂ ਅਵਿਸ਼ਵਾਸ, ਜੋ ਪਾਪ ਹੈ...ਇੱਥੇ ਬਸ ਇੱਕ ਹੀ ਪਾਪ ਹੈ, ਉਹ ਹੈ, ਅਵਿਸ਼ਵਾਸ। ਇਹ ਠੀਕ ਹੈ। ਤੁਸੀਂ ਇਸ ਲਈ ਦੋਸ਼ੀ ਨਹੀਂ ਹੋ ਕਿਉਂਕਿ ਤੁਸੀਂ ਸ਼ਰਾਬ, ਸਿਗਰਟ ਪੀਂਦੇ ਹੋ, ਤੰਬਾਕੂ ਚੱਬਦੇ ਹੋ, ਛੋਟੇ ਕੱਪੜੇ ਪਹਿਨਦੇ ਹੋ, ਜੋ ਕੁਝ ਵੀ ਤੁਸੀਂ ਕਰਦੇ ਹੋ। ਨਹੀਂ, ਇਹ ਤੁਹਾਨੂੰ ਦੋਸ਼ੀ ਨਹੀਂ ਠਹਿਰਾਉਂਦਾ। ਇਹ ਇਸ ਲਈ ਹੈ ਕਿਉਂਕਿ ਤੁਸੀਂ ਵਿਸ਼ਵਾਸ ਨਹੀਂ ਕਰਦੇ। ਜੇਕਰ ਤੁਸੀਂ ਵਿਸ਼ਵਾਸ ਕਰਦੇ, ਤਾਂ ਤੁਸੀਂ ਅਜਿਹਾ ਨਾ ਕਰਦੇ। ਸਮਝੇ? ਇੱਕ ਵਿਸ਼ਵਾਸੀ ਅਜਿਹਾ ਨਹੀਂ ਕਰਦਾ। ਉਹ ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਨੂੰ ਲੈਂਦਾ ਹੈ, ਵੇਖੋ, ਵੇਖੋ, ਜਾਂ ਇੱਕ ਵਿਚਾਰਸ਼ੀਲ ਇਸਤ੍ਰੀ ਦੀ ਛਾਣਨੀ, ਦੋਹਾਂ ਵਿੱਚੋਂ ਇੱਕ। ਠੀਕ ਹੈ। ਪਰ, ਤੁਸੀਂ ਵੇਖੋ, ਪਾਪ ਬੂਹੇ ਤੇ ਛੈਹ ਮਾਰੀ ਬੈਠਾ ਹੈ।

187 ਹੁਣ ਧਿਆਨ ਦਿਓ ਕਿ ਉਸ ਨੇ ਕਾਇਨ ਨਾਲ ਕੀ ਕੀਤਾ, ਅਤੇ ਇਹ ਅੱਜ ਵੀ ਅਜਿਹਾ ਹੀ ਕਰਨ ਜਾ ਰਿਹਾ ਹੈ, ਇਸਨੇ ਕਇਨ ਨੂੰ ਇੱਕ ਜਾਣ ਬੁੱਝ ਕੇ ਪਾਪੀ ਕਰਕੇ ਜਾਣ ਦਿੱਤਾ, ਉਹ ਜਾਣ ਬੁੱਝ ਕੇ ਅਣਆਗਿਆਕਾਰੀ ਸੀ। ਹਰ ਇਨਸਾਨ ਉਸੇ ਤਰ੍ਹਾਂ ਹੋਵੇਗਾ। ਜਾਣਬੁੱਝ ਕੇ ਅਣਆਗਿਆਕਾਰੀ ਕੀਤੀ ਇਹ ਵੇਖਣ ਦੇ ਬਾਵਜੂਦ ਕਿ ਹਾਬਲ ਦੇ ਸੰਦੇਸ਼ ਨੂੰ ਪਰਮੇਸ਼ੁਰ ਨੇ *ਇੰਨਾ* ਪ੍ਰਮਾਣਿਤ ਕੀਤਾ ਕਿ ਇਹ ਸੱਚ ਸੀ, ਅਤੇ ਫਿਰ ਵੀ ਇਸਨੂੰ ਕਰਨ ਤੋਂ ਇਨਕਾਰ ਕਰ ਦਿੱਤਾ, ਫਿਰ ਉਹੀ ਕੀਤਾ, ਫਿਰ ਉਸਨੇ ਹੱਦ ਪਾਰ ਕਰ ਦਿੱਤੀ।

188 ਉੱਥੇ ਇੱਕ ਹੱਦ ਹੈ ਜੋ ਤੁਸੀਂ ਪਾਰ ਕਰ ਸਕਦੇ ਹੋ। ਤੁਸੀਂ ਇਹ ਜਾਣਦੇ ਹੋ, ਹੈ ਨਾ? ਹੁਣ, ਸੇਵਕੋ, ਜੋ ਇੱਥੇ ਹਨ ਅਤੇ ਜੋ ਬਾਹਰ ਟੈਲੀਫੋਨ ਤੇ ਜਿੱਥੇ ਦੂਰ ਦੇਸ਼ ਵਿੱਚ ਇਹ ਪ੍ਰਸਾਰਣ ਜਾ ਰਿਹਾ ਹੈ, ਕੀ ਤੁਹਾਨੂੰ ਇਹ ਅਹਿਸਾਸ ਹੈ? ਜਦੋਂ ਤੁਸੀਂ ਦੇਖਦੇ ਹੋ ਕਿ ਇਹ ਵਚਨ ਹੈ, ਅਤੇ ਤੁਸੀਂ ਇਹ ਨਹੀਂ ਕਰਦੇ, ਪਰਮੇਸ਼ੁਰ ਹਮੇਸ਼ਾ ਨਹੀਂ ਕਰੇਗਾ…ਉਹ…ਔਹ, ਤੁਸੀਂ ਅੱਗੇ ਵਧੋਗੇ, ਮੁਬਾਰਕ ਹੋਵੋਗੇ। ਇਸੇ ਤਰ੍ਹਾਂ ਹੀ ਇਸਰਾਏਲ ਦੇ ਸਾਰੇ ਮਨੁੱਖ, ਉਜਾੜ ਵਿੱਚ ਰਹਿੰਦੇ ਸਨ, ਅਤੇ ਬੱਚੇ ਅਤੇ ਫ਼ਸਲਾਂ ਪਾਲਦੇ ਸਨ, ਅਤੇ ਮੁਬਾਰਕ ਸਨ, ਅਤੇ ਸਭ ਕੁਝ ਸੀ, ਪਰ "ਉਹਨਾਂ ਵਿੱਚੋਂ ਹਰ ਇੱਕ ਸਦੀਪਕ ਤੌਰ ਤੇ ਪਰਮੇਸ਼ੁਰ ਤੋਂ ਅੱਡ ਹੋ ਗਿਆ ਸੀ।" ਯਿਸੂ ਨੇ ਅਜਿਹਾ ਕਿਹਾ ਸੀ। ਔਹ, ਹਾਂ, ਪਰਮੇਸ਼ੁਰ ਤੁਹਾਨੂੰ ਅਸੀਸ ਦਿੰਦਾ ਰਹੇਗਾ, ਪਰ ਤੁਸੀਂ ਨਾਸ਼ ਹੋ ਗਏ ਹੋ। ਯਕੀਨਨ। ਹੁਣ ਇਹ ਉਹ ਹੈ ਜੋ ਬਾਈਬਲ ਕਹਿੰਦੀ ਹੈ, ਇਹ ਉਹੀ ਹੈ ਜੋ ਉਸਨੇ ਕਿਹਾ ਸੀ। ਧਿਆਨ ਦਿਓ, ਤੁਸੀਂ ਵੱਖ ਕਰਨ ਵਾਲੀ ਹੱਦ ਨੂੰ ਪਾਰ ਕਰ ਸਕਦੇ ਹੋ। ਕੀ ਤੁਸੀਂ ਇਹ ਮੰਨਦੇ ਹੋ? ਕਾਇਨ ਨੇ ਕੀਤੀ ਸੀ।

189 ਚਲੋ—ਚਲੋ ਇੱਕ ਮਿੰਟ ਇੱਥੇ ਆਉਂਦੇ ਹਾਂ, ਮੇਰੇ ਕੋਲ ਇਬਰਾਨੀਆਂ 10:26 ਹੈ। ਆਓ ਦੇਖੀਏ ਕਿ ਕੀ ਮੈਂ ਇਸ ਨੂੰ ਜਲਦੀ ਲੱਭ ਸਕਦਾ ਹਾਂ। ਇਬਰਾਨੀਆਂ ਦੀ ਕਿਤਾਬ, 10ਵਾਂ ਅਧਿਆਇ ਅਤੇ…ਮੇਰਾ ਵਿਸ਼ਵਾਸ ਹੈ, 26ਵੀਂ ਆਇਤ। ਮੈਂ ਇਸ ਨੂੰ ਇੱਥੇ ਲਿਖਿਆ ਹੋਇਆ ਹੈ। ਬੱਸ ਇੱਕ ਮਿੰਟ, ਜੇਕਰ ਤੁਸੀਂ ਮੇਰੇ ਨਾਲ ਸਹਿਣ ਕਰੋਗੇ, ਅਤੇ ਆਓ ਇਸਨੂੰ ਇੱਕ ਮਿੰਟ ਪੜ੍ਹੀਏ। ਠੀਕ ਹੈ, ਅਸੀਂ ਇੱਥੇ ਹਾਂ।

> *ਜੇ ਅਸੀਂ…ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ ਜਾਣ ਬੁਝ ਕੇ ਪਾਪ ਕਰੀ ਜਾਈਏ, ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ,*
>
> *ਪਰ ਨਿਆਉਂ ਦੀ ਭਿਆਣਕ ਉਡੀਕ ਅਤੇ ਅੱਗ ਦੀ ਸੜਨ ਬਾਕੀ ਹੈ, ਜਿਹੜੀ ਵਿਰੋਧੀਆਂ ਨੂੰ ਭਸਮ ਕਰ ਦੇਵੇਗੀ।*

190 ਇਹ **ਯਹੋਵਾਹ ਇੰਞ ਫ਼ਰਮਾਉਂਦਾ ਹੈ ਵਾਲਾ ਪਵਿੱਤਰ ਵਚਨ ਹੈ।** ਜੇ ਅਸੀਂ ਇਸ ਨੂੰ ਵੇਖਣ ਅਤੇ ਸੁਣਨ ਤੋਂ ਬਾਅਦ ਜਾਣ ਬੁੱਝ ਕੇ ਅਵਿਸ਼ਵਾਸ਼ ਕਰਦੇ ਹਾਂ, ਫਿਰ ਅਸੀਂ ਹੱਦ ਦੇ ਪਾਰ ਹਾਂ। ਇਸ ਲਈ ਹੋਰ ਕੋਈ ਮਾਫੀ ਨਹੀਂ ਹੋਵੇਗੀ, ਤੁਸੀਂ ਲਕੀਰ ਨੂੰ ਪਾਰ ਕਰ ਲਿਆ ਹੈ।

"ਔਹ," ਤੁਸੀ ਕਹਿੰਦੇ ਹੋ, "ਪਰਮੇਸ਼ੁਰ ਮੈਨੂੰ ਅਜੇ ਵੀ ਅਸੀਸ ਦਿੰਦਾ ਹੈ।" ਔਹ, ਹਾਂ।

191 ਇਜ਼ਰਾਈਲ ਨੂੰ ਯਾਦ ਕਰੋ, *ਸਰਹੱਦਾਂ ਤੇ*, ਜਦੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਇੱਕ ਵਾਅਦਾ ਦਿੱਤਾ, ਪਵਿੱਤਰ ਧਰਤੀ ਉੱਤੇ,...ਉਸ ਧਰਤੀ ਵਿੱਚ, ਇਹ ਦੁੱਧ ਅਤੇ ਸ਼ਹਿਦ ਵਾਲੀ, ਚੰਗੀ ਧਰਤੀ ਸੀ, ਅਤੇ ਜਦੋਂ ਮੂਸਾ ਨੇ ਕਾਲੇਬ ਅਤੇ ਯਹੋਸ਼ੁਆ ਅਤੇ ਜਸੂਸਾਂ ਨੂੰ ਪਾਰ ਜਾ ਕੇ, ਉਸ ਧਰਤੀ ਦੀ ਜਸੂਸੀ ਕਰਨ ਲਈ ਭੇਜਿਆ, ਅਤੇ ਉਹ ਪ੍ਰਮਾਣਿਤ ਸਬੂਤ ਵਾਪਸ ਲਿਆਏ, ਉਨ੍ਹਾਂ ਵਿੱਚੋਂ ਦਸਾਂ ਨੇ ਕਿਹਾ, "ਅਸੀਂ ਇਹ ਨਹੀਂ ਕਰ ਸਕਦੇ, ਅਸੀਂ ਅਸਮਰੱਥ ਹਾਂ, ਉੱਥੇ ਮੁਸ਼ਕਲ ਨੂੰ ਦੇਖੋ, ਅਸੀਂ ਕੱਟੜ ਹੋਵਾਂਗੇ, ਸਾਡੇ ਕੋਲ ਜੰਗ ਲੜਨ ਲਈ ਨਿੱਕੇ-ਨਿੱਕੇ ਹਥਿਆਰ ਹਨ, ਦੇਖੋ ਉਨ੍ਹਾਂ ਕੋਲ ਕੀ ਹੈ, ਅਸੀਂ—ਅਸੀਂ ਇਹ ਨਹੀਂ ਕਰ ਸਕਦੇ, ਅਸੀਂ ਇਹ ਕਰਨ ਦੇ ਯੋਗ ਨਹੀਂ ਹਾਂ।"

192 ਯਹੋਸ਼ੁਆ ਅਤੇ ਕਾਲੇਬ ਨੇ ਕਿਹਾ, "ਅਸੀਂ ਇਹ ਕਰਨ ਦੇ ਲਈ ਯੋਗ ਤੋਂ ਵੀ ਵੱਧ ਹਾਂ, ਪਰਮੇਸ਼ੁਰ ਨੇ ਵਾਅਦਾ ਕੀਤਾ ਹੈ।"

193 ਅਤੇ, ਯਾਦ ਰੱਖੋ, ਉਹ ਵਾਪਸ ਮੁੜ ਗਏ। ਇਹ ਕਾਦੇਸ਼-ਬਰਨੇਆ ਵਿੱਚ ਸੀ। ਅਤੇ ਉਹ ਪਿਛਾਂਹ ਮੁੜ ਗਏ ਅਤੇ ਉਜਾੜ ਵਿੱਚ ਭਟਕਦੇ ਫਿਰਦੇ ਸਨ। ਅਤੇ ਉਹਨਾਂ ਵਿੱਚੋਂ ਹਰ ਇੱਕ ਮਰ ਗਿਆ, ਅਤੇ ਅਨੰਤ ਕਾਲ ਲਈ ਨਾਸ਼ ਹੋ ਗਿਆ। ਯਿਸੂ ਨੇ ਅਜਿਹਾ ਕਿਹਾ ਸੀ।

194 ਉਸ ਵੱਖ ਕਰਨ ਵਾਲੀ ਲਕੀਰ ਨੂੰ ਪਾਰ ਨਾ ਕਰੋ, ਵੇਖਿਆ। "ਜਦੋਂ ਤੁਸੀਂ ਭਲਾਈ ਕਰਨੀ ਜਾਣਦੇ ਹੋ, ਅਤੇ ਇਸ ਨੂੰ ਨਹੀਂ ਕਰਦੇ, ਤਾਂ ਇਹ ਤੁਹਾਡੇ ਲਈ ਪਾਪ ਹੈ।"

195 ਇਜ਼ਰਾਈਲ ਨੇ ਵੀ ਅਜਿਹਾ ਹੀ ਕੀਤਾ। ਜਦੋਂ ਉਨ੍ਹਾਂ ਨੇ ਮੂਸਾ ਨੂੰ ਸਹੀ ਸਾਬਤ ਹੋਇਆ ਦੇਖਿਆ, ਅਤੇ ਫਿਰ ਬਿਲਆਮ ਨੂੰ ਉਨ੍ਹਾਂ ਉੱਤੇ ਛਿੜਕਾਅ ਕਰਨ ਦਿੱਤਾ, ਉਹ ਅਨਮੋਲ ਪ੍ਰਮਾਣਿਤ ਬੀਜ। ਪਾਸਟਰ, ਤੁਸੀਂ (ਕਦੇ ਵੀ) ਇਸ ਵਚਨ ਦੇ ਵਿਰੁੱਧ ਕੁਝ ਨਾ ਕਹੋ। ਬਿਲਆਮ ਨੂੰ ਦੇਖੋ, ਉਹ ਇੱਕ ਨਬੀ ਸੀ, ਅਤੇ ਉਸਨੇ ਪਰਮੇਸ਼ੁਰ ਦੇ ਬੀਜ ਨੂੰ ਸਹੀ ਸਾਬਤ ਹੁੰਦੇ ਹੋਏ ਵੇਖਿਆ। ਪਰ ਉਸਦੀ ਆਪਣੀ ਮਹਾਨ ਨਾਮਧਾਰੀ ਜਥੇਬੰਦੀ ਦੇ ਹੇਠ ਜਿਸ ਵਿੱਚ ਉਹ ਰਹਿੰਦਾ ਸੀ, ਮੋਆਬ ਨੇ ਉਸ ਭਟਕਦੇ ਹੋਏ ਝੁੰਡ ਨੂੰ ਉਸ ਧਰਤੀ ਵਿੱਚੋਂ ਦੀ

ਲੰਘਦਿਆਂ ਵੇਖਿਆ, ਉਸ ਨੇ ਉਸ ਉੱਤੇ ਛਿੜਕਾਅ ਕੀਤਾ, ਅਤੇ ਆਖਿਆ, "ਅੱਛਾ, ਇੱਕ ਮਿੰਟ ਰੁਕੋ। ਅਸੀਂ ਸਾਰੇ ਮਸੀਹੀ ਹਾਂ। ਅਸੀਂ ਸਾਰੇ ਵਿਸ਼ਵਾਸੀ ਹਾਂ। ਕਿਉਂ, ਸਾਡੇ ਪੁਰਖੇ ਅਤੇ ਤੁਹਾਡੇ ਪੁਰਖੇ ਇੱਕੋ ਹੀ ਹਨ। ਕੀ ਅਸੀਂ ਲੂਤ ਦੀ ਸੰਤਾਨ ਨਹੀਂ ਹਾਂ? ਕੀ ਲੂਤ ਅਬਰਾਹਾਮ ਦਾ ਭਤੀਜਾ ਨਹੀਂ ਸੀ? ਕੀ ਅਸੀਂ ਸਾਰੇ ਇੱਕੋ ਜਿਹੇ ਨਹੀਂ ਹਾਂ? ਆਓ ਆਪਾਂ ਇੱਕ ਦੂਜੇ ਨਾਲ ਵਿਆਹ ਕਰੀਏ।"

196 ਅਤੇ ਇਜ਼ਰਾਈਲ ਨੇ, ਜਿਵੇਂ ਅਦਨ ਦੇ ਬਾਗ਼ ਵਿੱਚ ਹੱਵਾ ਨੇ, ਸ਼ੈਤਾਨ ਨੂੰ ਉਸ ਨੂੰ ਪ੍ਰਭਾਵਿਤ ਕਰਨ ਦਿੱਤਾ, ਉਸਨੇ ਇੱਕ ਝੂਠੇ ਨਬੀ ਦੁਆਰਾ ਇਜ਼ਰਾਈਲ ਨੂੰ ਵੀ ਪ੍ਰਭਾਵਿਤ ਕੀਤਾ। ਜਦਕਿ, ਅਸਲੀ ਨਬੀ ਪ੍ਰਮਾਣਿਤ ਵਚਨ ਦੇ ਨਾਲ, ਉਨ੍ਹਾਂ ਦੇ ਨਾਲ ਸੀ। ਪਰ ਇੱਕ ਬੌਧਿਕ ਗਿਆਨ ਦੀ ਧਾਰਨਾ ਦੁਆਰਾ, ਉਸਨੇ ਉਹਨਾਂ ਨੂੰ ਪ੍ਰਭਾਵਿਤ ਕੀਤਾ। ਇਸ ਬਾਰੇ ਸੋਚੋ। ਹੁਣ, ਇਸ ਨੂੰ ਕਦੇ ਵੀ ਮਾਫ਼ ਨਹੀਂ ਕੀਤਾ ਗਿਆ ਸੀ, ਪਾਪ ਕਦੇ ਮਾਫ਼ ਨਹੀਂ ਕੀਤਾ ਗਿਆ ਸੀ।

197 ਬੀਜ ਫਰਜ਼ ਦੇ ਮਾਰਗ ਵਿੱਚ, ਵਾਅਦਾ ਕੀਤੀ ਜ਼ਮੀਨ ਦੇ ਸਫ਼ਰ ਵਿੱਚ ਸੜ ਗਏ। ਉਨ੍ਹਾਂ ਵਿੱਚੋਂ ਹਰ ਇੱਕ ਨਾਸ਼ ਹੋ ਗਿਆ ਅਤੇ ਸੜ ਗਿਆ, ਬਿਲਕੁਲ ਕਲੀਸਿਯਾ ਦੇ ਵਿੱਚ, ਫਰਜ਼ ਨੂੰ ਨਿਭਾਉਂਦੇ ਹੋਏ, ਪਰਮੇਸ਼ੁਰ ਦੇ ਪਿੱਛੇ ਚੱਲਦੇ ਹੋਏ। ਅਤੇ ਸ਼ੈਤਾਨ ਨੂੰ ਉਹਨਾਂ ਉੱਤੇ ਬੌਧਿਕ ਪ੍ਰਭਾਵ ਛਿੜਕਣ ਦਿੱਤਾ, ਵਿਦਿਅਕ, ਬੌਧਿਕ ਧਾਰਨਾ, ਜੋ ਕਹਿੰਦੀ ਹੈ, "ਕਿਉਂ, ਅਸੀਂ ਸਾਰੇ ਇੱਕੋ ਜਿਹੇ ਹਾਂ, ਅਸੀਂ ਸਾਰੇ ਪਰਮੇਸ਼ੁਰ ਦੇ ਬਾਲਕ ਹਾਂ।" ਤੁਸੀਂ ਨਹੀ ਹੋ! ਪਰ ਉਸਨੇ ਉਸ ਝੂਠੇ ਸਿੱਖਿਅਕ ਨੂੰ ਉਸ ਬੌਧਿਕ ਧਾਰਨਾ ਨਾਲ ਜੋ ਉਸ ਕੋਲ ਇਸ ਬਾਰੇ ਸੀ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਦਿੱਤਾ।

198 ਅਤੇ ਜਿਵੇਂ ਕਿ ਸਰਬ ਏਕਤਾ ਕੌਂਸਲ ਇਸ ਸਮੇਂ ਕਰ ਰਹੀ ਹੈ, ਦੇਖੋ, ਉਹੀ ਚੀਜ ਹੈ, "ਕਿਉਂ, ਅਸੀਂ ਸਾਰੇ ਇੱਕ ਮਹਾਨ ਸੰਸਥਾ ਵਿੱਚ ਇਕੱਠੇ ਹੋਵਾਂਗੇ।" ਤੁਹਾਡੀ ਸਾਰਾ ਸੰਸਥਾਗਤ ਵਿਵਸਥਾ ਸ਼ਤਾਨ ਵੱਲੋਂ ਹੈ। ਇਹ ਬਾਈਬਲ ਵਿਚ, ਪਸ਼ੂ ਦੀ ਛਾਪ ਹੈ। ਪ੍ਰਭੂ ਦੀ ਇੱਛਾ ਹੋਈ, ਤਾਂ ਬਹੁਤ ਜਲਦੀ, ਮੇਰੇ ਕੋਲ ਇਸ ਉੱਤੇ ਇੱਕ ਕਿਤਾਬ ਹੋਵੇਗੀ।

199 ਧਿਆਨ ਦਿਓ, ਨੂਹ ਦੇ ਸਮੇਂ ਵਿੱਚ, ਇਹ ਵੇਖਦੇ ਹੋਏ ਕਿ ਵਚਨ ਨੂੰ ਤੈਰਨ ਲਈ, ਖੜ੍ਹਾ ਕੀਤਾ ਜਾ ਰਿਹਾ ਸੀ। ਹੁਣ ਮੈਂ ਇੱਥੇ ਇੱਕ ਛੋਟੀ ਜਿਹੀ ਟਿੱਪਣੀ ਕਰਾਂਗਾ, ਵਚਨ ਨੂੰ ਜ਼ਮੀਨ ਤੋਂ ਅਸਮਾਨ ਤੱਕ ਬਦਲਣ ਲਈ ਇਕੱਠਾ ਕੀਤਾ ਜਾ ਰਿਹਾ ਹੈ। ਚੀਜ਼ ਦੀ ਬਣਤਰ ਦੇਖ ਕੇ; ਪਰ ਉਨ੍ਹਾਂ ਦੀਆਂ ਬੌਧਿਕ ਧਾਰਨਾਵਾਂ ਨਾਲ, ਉਹ ਨੂਹ, ਨਬੀ ਦੇ ਮੂੰਹ ਤੇ ਹੱਸੇ, ਜਦੋਂ ਉਹ ਅੰਤ ਦੇ ਸਮੇਂ ਦੀ ਭਵਿੱਖਬਾਣੀ ਕਰ ਰਿਹਾ ਸੀ। ਪਰ ਕਿਸਨੇ ਕੀਤਾ...ਉਹ ਢਾਂਚਾ

ਪਰਮੇਸ਼ੁਰ ਦੇ ਬਚਨ ਤੋਂ ਬਣਿਆ ਹੋਇਆ ਸੀ, ਅੰਦਰੋਂ ਅਤੇ ਬਾਹਰੋਂ, ਪ੍ਰਾਰਥਨਾ ਅਤੇ ਵਿਸ਼ਵਾਸ ਨਾਲ। ਜਦੋਂ ਮੀਂਹ ਪਿਆ, ਧਰਮਾਂ ਦੀਆਂ ਸਾਰੀਆਂ ਬੌਧਿਕ ਧਾਰਨਾਵਾਂ ਮਰ ਗਈਆਂ ਅਤੇ ਬਿਲਕੁਲ ਉੱਥੇ ਹੀ ਸੜ ਗਈਆਂ...ਠੀਕ ਉਨ੍ਹਾਂ ਦੇ ਗਿਰਜਿਆਂ ਵਿੱਚ, ਬਿਲਕੁਲ ਧਰਤੀ ਦੇ ਉੱਤੇ। ਅਤੇ ਕਿਸ਼ਤੀ ਇਸ ਸਭ ਦੇ ਉੱਪਰ ਤੈਰਦੀ ਗਈ। ਉਹ ਬੀਜ ਜਿਸ ਤੇ ਵਿਗਿਆਨ ਦੁਆਰਾ ਛਿੜਕਾਅ ਕੀਤਾ ਗਿਆ ਸੀ ਨਿਆਂ ਦੇ ਵਿੱਚ ਸੜ ਗਿਆ।

200 ਜੋ ਵੀ ਹੈ, ਅਸੀਂ ਕੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ? ਕੀ ਅਸੀਂ ਆਪਣੀ ਕਲੀਸਿਯਾ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜਾਂ ਕੀ ਅਸੀਂ ਪਰਮੇਸ਼ੁਰ ਦੇ ਬਚਨ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ? ਅਸੀਂ ਕੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ? ਅਸੀਂ ਕਿਸ ਚੀਜ ਤੇ ਕੰਮ ਕਰ ਰਹੇ ਹਾਂ? ਕੀ ਅਸੀਂ ਲੋਕਾਂ ਨੂੰ ਇਸ ਵਿੱਚ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ? ਇਹ ਕਲੀਸਿਯਾਈ ਹੱਵਾ, ਇਹ ਮਹਾਨ ਹੱਵਾ ਇਨ੍ਹਾਂ ਆਖਰੀ ਦਿਨਾਂ ਵਿੱਚ ਕੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ?

201 ਭਾਈ, ਮੈਨੂੰ ਤੁਰੰਤ ਬੰਦ ਕਰਨਾ ਪਏਗਾ, ਕਿਉਂਕਿ ਇਸ—ਇਸ ਨੂੰ ਬਹੁਤ ਸਮਾਂ ਲੱਗ ਰਿਹਾ ਹੈ। ਮੈਨੂੰ ਸਿਰਫ਼ ਪੰਦਰਾਂ ਮਿੰਟ ਹੋਰ ਦਿਓ, ਅਤੇ ਮੈਂ ਆਪਣੀਆਂ—ਆਪਣੀਆਂ ਲਿਖਤਾਂ ਤੇ ਰੁਕ ਜਾਵਾਂਗਾ। [ਇੱਕ ਭਾਈ ਕਹਿੰਦਾ ਹੈ, "ਜਰੂਰ, ਅੱਗੇ ਵਧੋ।"—ਸੰਪਾ.] ਹਾਂ। ਠੀਕ ਹੈ। ਮੈਨੂੰ ਪਤਾ ਹੈ। ਅੱਛਾ, ਲੋਕ ਸ਼ਾਇਦ ਇੱਥੇ ਆਉਣਾ ਚਾਹੁੰਦੇ ਹਨ ਅਤੇ ਇਸ ਦੀ ਸਫਾਈ ਕਰਨੀ ਚਾਹੁੰਦੇ ਹਨ। ਪਰ ਮੈਨੂੰ ਲਗਦਾ ਹੈ ਕਿ ਮੇਰੇ ਲਈ ਛੱਡਣਾ ਮੁਸ਼ਕਲ ਹੈ। ਮੈਂ ਜਲਦੀ ਕਰਾਂਗਾ। ਠੀਕ ਹੈ।

202 ਦੇਖੋ, ਮਹਾਨ ਵਿਗਿਆਨਕ, ਵਿਦਿਅਕ, ਦੋਗਲੀ ਹੱਵਾ, ਜਿਸ ਨੂੰ ਅੱਜ ਕਲੀਸਿਯਾ ਕਿਹਾ ਜਾਂਦਾ ਹੈ, ਉਹ ਕੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ? ਕੀ ਉਹ ਪਰਮੇਸ਼ੁਰ ਦੇ ਬਚਨ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕਰ ਰਹੀ ਹੈ, ਅਤੇ ਲੋਕਾਂ ਨੂੰ ਉਹੀ ਕੁਝ ਕਰਨ ਦੇਵੇਗੀ ਜਿਵੇਂ ਉਹ ਕਰ ਰਹੇ ਹਨ? ਉਹ ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਦਾ ਉਪਯੋਗ ਨਹੀਂ ਕਰ ਰਹੇ ਹਨ, ਜਾਂ, ਪਰਮੇਸ਼ੁਰ ਦੀ ਛਾਣਨੀ ਦਾ। ਦੇਖੋ ਕਿ ਉਹ ਕੀ ਪੈਦਾ ਕਰ ਰਹੇ ਹਨ। ਉਹ ਆਪਣੇ ਆਪ ਨੂੰ ਉੱਚਾ ਚੁੱਕ ਰਹੇ ਹਨ। ਕਲੀਸਿਯਾ ਨੇ, ਗਿਆਨ ਦੇ ਪ੍ਰੋਗਰਾਮ ਦੇ ਆਪਣੇ ਵਿਗੜੇ ਹੋਏ ਬੀਜ ਵਿੱਚ, ਪੂਰੀ ਨਸਲ ਨੂੰ ਵਿਗਿਆਨਕ ਤੌਰ ਤੇ ਪਰਮੇਸ਼ੁਰ ਦੇ ਬਚਨ ਤੋਂ ਅਣਜਾਣ ਬਣਾ ਦਿੱਤਾ ਹੈ। ਹੁਣ ਮੈਂ ਉਨ੍ਹਾਂ ਟਿੱਪਣੀਆਂ ਨੂੰ ਲਵਾਂਗਾ, ਉਨ੍ਹਾਂ ਸਮਾਪਤ ਕਰਨ ਲਈ, ਹੁਣ ਮੈਂ ਬਹੁਤਾ ਸਮਾਂ ਨਹੀਂ ਲਵਾਂਗਾ। ਵਿਗਿਆਨਕ ਤੌਰ ਤੇ ਅਣਜਾਣ ਹਨ! ਜਦੋਂ ਪਰਮੇਸ਼ੁਰ, ਠੀਕ ਇੱਥੇ ਧਰਤੀ

ਉੱਤੇ, ਉਹ ਕੰਮ ਕਰਦਾ ਹੈ ਜੋ ਉਹ ਕਰ ਰਿਹਾ ਹੈ, ਆਪਣੇ ਵਾਅਦੇ ਕੀਤੇ ਬਚਨ ਦੁਆਰਾ, ਅਤੇ ਉਹ ਇਸ ਨੂੰ ਨਜ਼ਰਅੰਦਾਜ਼ ਕਰਦੇ ਹਨ ਅਤੇ ਦੂਰ ਚਲੇ ਜਾਂਦੇ ਹਨ ਕਿਉਂਕਿ ਉਹ ਵਿਗਿਆਨਕ ਤੌਰ ਤੇ ਅਣਜਾਣ ਹਨ। ਵਿਗਿਆਨਕ ਤੌਰ ਤੇ ਅਣਜਾਣ!

203 ਮੈਂ ਉਦੋਂ ਮੁਸਕਰਾ ਰਿਹਾ ਸੀ ਕਿਉਂਕਿ ਇੱਥੇ ਭਾਈ ਵਿਲੀਅਮਜ਼ ਨੇ, ਇੱਕ ਕਾਗਜ਼ ਦੇ ਟੁਕੜੇ ਤੇ ਲਿਖਿਆ ਸੀ, "ਤੁਸੀਂ ਇਸ ਤੇ ਪੂਰੀ ਦੁਪਹਿਰ ਲੱਗਾ ਸਕਦੇ ਹੋ," ਕੁਝ। ਪਰ, ਮੈਂ ਇਸਦੀ ਕਦਰ ਕਰਦਾ ਹਾਂ, ਇਹ ਅਸਲ ਵਿੱਚ ਵਧੀਆ ਹੈ। ਦੇਖਿਆ?

204 ਪਰ ਲੋਕ ਜਾਣ ਬੁੱਝ ਕੇ ਪਾਪ ਕਰ ਰਹੇ ਹਨ। ਇਹ ਅੱਜ ਕਲੀਸਿਯਾਈ ਜਗਤ ਦੀ ਪੂਰੀ ਪ੍ਰਣਾਲੀ ਨੂੰ ਲੈ ਆਇਆ ਹੈ ਤਾਂ ਜੋ ਉਹ ਪਰਮੇਸ਼ੁਰ ਦੇ ਵਿਰੁੱਧ ਜਾਣਬੁਝ ਕੇ ਪਾਪ ਕਰਨ। ਕਿਉਂ, ਆਮ ਸ਼ਿਸ਼ਟਾਚਾਰ ਤੁਹਾਨੂੰ ਇਹ ਸਾਬਤ ਕਰੇਗਾ ਕਿ ਇਹ ਸਹੀ ਹੈ। ਠੀਕ ਹੈ। ਇੱਕ ਵਾਸਨਾ ਦੇ ਪਰਦੇ ਨੇ ਉਸ ਦੀਆਂ ਅੱਖਾਂ ਨੂੰ, ਪਰਮੇਸ਼ੁਰ ਦੇ ਬਚਨ ਲਈ ਅੰਨ੍ਹਾ ਕਰ ਦਿੱਤਾ, ਅਤੇ ਉਹ ਆਪਣੇ ਆਪ ਨੂੰ ਦੁਬਾਰਾ ਨੰਗਾ ਪਾਉਂਦੀ ਹੈ। ਤੁਸੀਂ ਜਾਣਦੇ ਹੋ, ਪਰਕਾਸ਼ ਦੀ ਪੋਥੀ 3 ਵਿੱਚ, ਪਰਮੇਸ਼ੁਰ ਨੇ ਕਿਹਾ, "ਆ, ਮੇਰੇ ਕੋਲੋਂ ਅੱਖਾਂ ਵਿੱਚ ਪਾਉਣ ਲਈ ਸੂਰਮਾ ਮੁੱਲ ਲੈ, ਤਾਂ ਜੋ ਤੇਰੀਆਂ ਅੱਖਾਂ ਖੁੱਲ੍ਹ ਜਾਣ।" ਦੇਖੋ, ਸੂਰਮਾ ਉਸ ਦਾ ਵਚਨ ਹੈ।

205 ਤੁਸੀਂ ਜਾਣਦੇ ਹੋ, ਉਹ ਕਹਿੰਦੇ ਹਨ, "ਅੱਛਾ, ਇਸ ਆਦਮੀ ਨੇ ਆਪਣੀਆਂ ਡਿਗਰੀਆਂ ਪ੍ਰਾਪਤ ਕਰਨ ਲਈ, ਚਾਲੀ ਸਾਲ ਪੜ੍ਹਾਈ ਕੀਤੀ ਹੈ। ਉਹ ਇੱਕ ਬੀ.ਐਲ.ਡੀ., ਡੀ.ਡੀ., ਅਤੇ ਇਹ ਸਭ ਕੁਝ ਹੈ।"

206 ਤੁਸੀਂ ਜਾਣਦੇ ਹੋ ਕਿ ਯਿਸੂ ਨੇ ਇਸ ਬਾਰੇ ਕੀ ਕਿਹਾ ਸੀ? ਉਸ ਨੇ ਕਿਹਾ, "ਮਨੁੱਖ ਆਪਣੇ ਆਪ ਦਾ ਇਨਕਾਰ ਕਰੇ।" ਪੌਲੁਸ ਨੇ ਕੀਤਾ।

ਤੁਸੀ ਕਹਿੰਦੇ ਹੋ, "ਇਸਦਾ ਮਤਲਬ ਇਹ ਨਹੀਂ ਹੈ।"

207 ਅੱਛਾ, ਤਾਂ ਫਿਰ, ਪੌਲੁਸ ਇਸਦੇ ਪਿੱਛੇ ਕਿਉਂ ਗਿਆ? ਉਸ ਨੇ ਕਿਹਾ, "ਮੈਂ ਕਦੇ ਵੀ ਤੁਹਾਡੇ ਕੋਲ ਮਨੁੱਖ ਦੀ ਬੁੱਧ ਦੇ ਭਰਮਾਉਣ ਵਾਲੇ ਸ਼ਬਦਾਂ ਨਾਲ ਨਹੀਂ ਆਇਆ, ਕਿਉਂਕਿ ਤੁਸੀਂ ਇਸ ਤੇ ਆਪਣੀਆਂ ਉਮੀਦਾਂ ਬਣਾ ਲਵੋਗੇ। ਪਰ ਮੈਂ ਤੁਹਾਡੇ ਕੋਲ ਪਵਿੱਤਰ ਆਤਮਾ ਦੀ ਸ਼ਕਤੀ ਅਤੇ ਪ੍ਰਗਟਾਵੇ ਵਿੱਚ ਆਇਆ ਹਾਂ, ਤਾਂ ਜੋ ਤੁਹਾਡਾ ਵਚਨ…ਤੁਹਾਡਾ ਵਿਸ਼ਵਾਸ ਪਰਮੇਸ਼ੁਰ ਦੇ ਬਚਨ ਉੱਤੇ ਬਣਾਇਆ ਜਾਵੇ, ਨਾ ਕਿ ਕਿਸੇ ਬੁੱਧੀ ਦੇ ਪ੍ਰਗਟਾਵੇ ਉੱਤੇ।"

208 ਇੰਝ ਜਾਪਦਾ ਹੈ ਕਿ ਲੋਕ ਆਪਣੇ ਬੁਨਿਆਦੀ ਸ਼ਿਸ਼ਟਾਚਾਰ ਅਤੇ ਨਿਮਰਤਾ ਨੂੰ ਗੁਆ ਚੁੱਕੇ ਹਨ। ਉਹ ਪਹਿਲਾਂ ਵਰਗੇ ਨਹੀਂ ਰਹੇ ਜਿਵੇਂ ਉਹ

ਹੋਇਆ ਕਰਦੇ ਸਨ। ਇਹ ਉਦੋਂ ਹੋਇਆ ਕਰਦਾ ਸੀ, ਜਦੋਂ ਨਬੀ ਨੇ ਕਿਹਾ ਸੀ, "**ਯਹੋਵਾਹ ਇੰਝ ਫ਼ਰਮਾਉਂਦਾ ਹੈ**," ਤਾਂ ਲੋਕ ਕੰਬ ਜਾਂਦੇ ਸਨ। ਹਾਂ, ਉਹ ਜ਼ਰੂਰ ਕੰਬ ਜਾਂਦੇ ਸਨ। ਲੋਕ ਹਿਲ ਜਾਂਦੇ ਸਨ, ਕਿਉਂਕਿ ਉਹ ਡਰਦੇ ਸਨ। ਪਰ ਹੁਣ ਉਹ ਇਸ ਤੋਂ ਆਪਣਾ ਸਾਰਾ ਡਰ ਗੁਆ ਬੈਠੇ ਹਨ। ਉਹ ਪਰਮੇਸ਼ੁਰ ਤੋਂ ਨਹੀਂ ਡਰਦੇ।

209 ਸੁਲੇਮਾਨ ਨੇ ਕਿਹਾ, "ਯਹੋਵਾਹ ਦਾ ਡਰ ਬੁੱਧ ਦਾ ਮੁੱਢ ਹੈ," ਬਸ ਇਸ ਦੀ ਸ਼ੁਰੂਆਤ ਹੈ।

210 ਪਰ ਨਬੀ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਬੋਲ ਸਕਦਾ ਹੈ, ਲੋਕ ਆਖਦੇ ਹਨ, "ਬਕਵਾਸ!" ਵੇਖੋ, ਉਨ੍ਹਾਂ ਲਈ ਕੋਈ ਆਸ ਨਹੀਂ ਹੈ। ਇਹ ਹੈ, ਉਹ ਕਹਿੰਦੇ ਹਨ, "ਕਿਉਂਕਿ, ਅਸੀਂ ਚਲਾਕ ਹਾਂ। ਅਸੀਂ ਬੁੱਧੀਜੀਵੀ ਹਾਂ, ਸਾਨੂੰ ਇਸ ਤਰ੍ਹਾਂ ਦੀਆਂ ਚੀਜ਼ਾਂ ਲੈਣ ਦੀ ਲੋੜ ਨਹੀਂ ਹੈ! ਅਸੀਂ ਜਾਣਦੇ ਹਾਂ ਕਿ ਅਸੀਂ ਕਿਸ ਬਾਰੇ ਗੱਲ ਕਰ ਰਹੇ ਹਾਂ!"

211 ਇਹ ਇੱਕ ਪੁਰਾਣੀ ਕਹਾਵਤ ਵੀ ਹੈ, ਕਿ, "ਮੂਰਖ ਉੱਥੇ ਕਿੱਲਾਂ ਵਾਲੀਆਂ ਜੁੱਤੀਆਂ ਪਾ ਕੇ ਤੁਰਨਗੇ, ਜਿੱਥੇ ਦੂਤ ਪੈਰ ਰੱਖਣ ਤੋਂ ਵੀ ਡਰਦੇ ਹਨ।" ਯਕੀਨਨ।

212 ਹੁਣ, ਰੂਪਾਂਤਰਣ ਕੀ ਹੈ? (ਛੇਤੀ ਨਾਲ।) ਅਸੀਂ ਇਸਨੂੰ ਕਿਵੇਂ ਪ੍ਰਾਪਤ ਕਰਦੇ ਹਾਂ? ਰੂਪਾਂਤਰਣ ਕੀ ਕਰਦਾ ਹੈ? ਪਰਮੇਸ਼ੁਰ ਇਹ ਆਪਣੇ ਵਚਨ ਦੀ ਆਤਮਾ ਦੁਆਰਾ ਕਰਦਾ ਹੈ। ਉਹ ਰੂਪਾਂਤਰਣ ਕਰਦਾ ਹੈ। ਉਹ ਆਪਣਾ ਬੀਜ ਬੀਜਦਾ ਹੈ, ਉਸ ਉੱਤੇ ਆਪਣੀ ਆਤਮਾ ਪਾਉਂਦਾ ਹੈ, ਅਤੇ ਇਹ ਉਤਪਾਦਣ ਲੈ ਕੇ ਆਉਂਦਾ ਹੈ। ਉਸਦੀ ਪਵਿੱਤਰ ਆਤਮਾ ਬੀਜ ਵਚਨ ਦਾ ਰੂਪਾਂਤਰਣ ਕਰਕੇ ਇਸ ਨੂੰ ਆਪਣੀ ਹੀ ਜਿਨਸ ਦਾ ਪ੍ਰਮਾਣਿਤ ਕਰਦੀ ਹੈ।

213 ਤੁਸੀਂ ਕਿਸ ਕਿਸਮ ਦੇ ਬੀਜ ਹੋ, ਇਹ ਦਰਸਾਉਂਦਾ ਹੈ ਕਿ ਤੁਹਾਡੇ ਅੰਦਰ ਕੀ ਹੈ। ਤੁਸੀਂ ਇਸਨੂੰ ਲੁਕਾ ਨਹੀਂ ਸਕਦੇ। ਅੰਦਰੋਂ ਤੁਸੀਂ ਜੋ ਕੁਝ ਵੀ ਹੋ, ਉਹ ਬਾਹਰੋਂ ਦਿੱਖ ਜਾਂਦਾ ਹੈ। ਤੁਸੀਂ ਇਸ ਤੋਂ ਬਚ ਨਹੀਂ ਸਕਦੇ। ਤੁਸੀਂ ਉਸ ਰੁੱਖ ਨੂੰ ਜੋ ਇਹ ਹੈ ਉਸ ਤੋਂ ਇਲਾਵਾ ਹੋਰ ਕੁਝ ਨਹੀਂ ਬਣਾ ਸਕਦੇ। ਦੇਖੋ, ਇਹ—ਇਹ ਉਸੇ ਤਰ੍ਹਾਂ ਹੀ ਰਹੇਗਾ। ਪਵਿੱਤਰ ਆਤਮਾ ਬੀਜਾਂ ਦਾ ਰੂਪਾਂਤਰਣ ਕਰਦਾ ਹੈ ਜੋ ਇਸ ਦੇ ਅੰਦਰ ਹੈ। ਕੋਈ ਫਰਕ ਨਹੀਂ ਪੈਂਦਾ ਕਿ ਇਹ ਕਿਸ ਕਿਸਮ ਦਾ ਬੀਜ ਹੈ, ਇਹ ਇਸਨੂੰ ਬਦਲ ਦੇਵੇਗਾ। ਜੇ ਇਹ ਬੁਰਾਈ ਹੈ, ਤਾਂ ਇਹ ਬੁਰਾਈ ਲਿਆਵੇਗਾ। ਜੇ ਇਹ ਇੱਕ ਪਖੰਡੀ ਹੈ, ਤਾਂ ਇਹ ਇੱਕ ਪਖੰਡੀ ਨੂੰ ਸਾਹਮਣੇ ਲਿਆਏਗਾ। ਜੇ ਇਹ ਪਰਮੇਸ਼ੁਰ ਦਾ ਸੱਚਾ ਵਚਨ ਹੈ, ਤਾਂ ਇਹ ਇੱਕ ਇੱਕ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਰਾਹੀਂ, ਪਰਮੇਸ਼ੁਰ ਦੇ ਖਾਲਸ ਪੁੱਤਰ ਨੂੰ

ਸਾਹਮਣੇ ਲੈ ਕੇ ਆਵੇਗਾ। ਜਦੋਂ ਬੀਜ ਉੱਗਦਾ ਹੈ, ਇਹ ਉਸ ਵਿੱਚੋਂ ਆਉਂਦਾ ਹੈ, ਇਹ ਪਰਮੇਸ਼ੁਰ ਦੇ ਪੁੱਤਰ ਅਤੇ ਧੀ ਨੂੰ ਪੈਦਾ ਕਰਦਾ ਹੈ।

214 ਇੱਕ ਦਿਨ ਜਦੋਂ ਸੰਸਾਰ ਹਨੇਰੇ ਕਾਰਣ ਹਫੜਾ-ਦਫੜੀ ਵਿੱਚ ਪਿਆ ਸੀ, ਪਰਮੇਸ਼ੁਰ…ਹੁਣ ਧਿਆਨ ਨਾਲ ਸੁਣੋ, ਕਿਉਂਕਿ ਅਸੀਂ ਬੋਲਣ ਨਹੀਂ ਜਾ ਰਹੇ ਹਾਂ…ਬਸ ਥੋੜਾ ਚਿਰ ਹੋਰ। ਦੇਖੋ। ਇੱਕ ਦਿਨ ਜਦੋਂ ਦੁਨੀਆ ਦੁਬਾਰਾ ਹਰ ਤਰ੍ਹਾਂ ਦੇ ਧਰਮਾਂ ਵਿੱਚ ਸੀ, ਹੱਥ ਧੋਣਾ, ਬਰਤਨ ਧੋਣਾ, ਵੱਖੋ-ਵੱਖਰੇ ਬਸਤਰ ਅਤੇ ਟੋਪੀਆਂ ਪਹਿਨਣਾ, ਅਤੇ ਇਸ ਤਰ੍ਹਾਂ, ਇਹ ਪੂਰੀ ਤਰ੍ਹਾਂ ਹਨੇਰਗਰਦੀ ਵਿੱਚ ਸੀ। ਪਰਮੇਸ਼ੁਰ ਦਾ ਸੱਚਾ ਇਜ਼ਰਾਈਲ ਪਰਮੇਸ਼ੁਰ ਦੇ ਨਿਯਮਾਂ ਅਤੇ ਬਿਧੀਆਂ ਤੋਂ ਇੰਨਾ ਭਟਕ ਗਿਆ ਸੀ, ਯਿਸੂ ਨੇ ਕਿਹਾ, "ਤੁਸੀਂ, ਪਰਮੇਸ਼ੁਰ ਦੇ ਵਚਨ ਨੂੰ ਆਪਣੀ ਰੀਤ ਨਾਲ, ਲੋਕਾਂ ਦੇ ਲਈ ਅਕਾਰਥ ਕਰਦੇ ਹੋ, ਤੁਹਾਡੀ ਆਪਣੀ ਰੀਤ ਨਾਲ।" ਅਤੇ ਉਨ੍ਹਾਂ ਪਵਿੱਤਰ ਜਾਜਕਾਂ ਵੱਲ ਦੇਖੋ, ਉਹ ਉਨ੍ਹਾਂ ਨੂੰ ਕਹਿੰਦੇ ਹਨ; ਅਤੇ ਯਿਸੂ ਨੇ ਕਿਹਾ, "ਤੁਸੀਂ ਆਪਣੇ ਪਿਉ, ਸ਼ਤਾਨ ਤੋਂ ਹੋ, ਅਤੇ ਉਸੇ ਦੇ ਕੰਮ ਤੁਸੀਂ ਕਰਦੇ ਹੋ।" ਦੇਖੋ, ਇਹ ਬਿਲਕੁਲ ਉਹੀ ਹੈ ਜੋ ਉਸਨੇ ਕਿਹਾ ਸੀ।

215 ਹੁਣ ਜਦੋਂ ਸੰਸਾਰ ਇਸ ਤਰ੍ਹਾਂ ਦੀ ਹਾਲਤ ਵਿੱਚ ਪਿਆ ਸੀ, ਤਾਂ ਪਰਮੇਸ਼ੁਰ ਦਾ ਆਤਮਾ ਪਹਿਲਾਂ ਤੋਂ ਠਹਿਰਾਏ ਗਏ ਬੀਜ ਉੱਤੇ ਮੰਡਰਾਇਆ। ਉਸ ਨੇ ਯਸਾਯਾਹ 9:6 ਦੇ ਵਾਅਦੇ ਦਾ ਅਨੁਵਾਦ ਅਤੇ ਰੂਪਾਂਤਰਨ ਕੀਤਾ; ਉਹ, ਪਰਮੇਸ਼ੁਰ, ਮਨੁੱਖੀ ਦੇਹ ਵਿੱਚ ਆਇਆ, ਤਾਂ ਜੋ ਉਸ ਅਵਿਵਸਥਾ ਦੇ ਸਮੇਂ ਵਿੱਚ ਬਚਾ ਲਵੇ। ਜਦੋਂ ਮਨੁੱਖ ਨੂੰ ਪਰਮੇਸ਼ੁਰ ਦੇ ਸਰੂਪ ਵਿੱਚ ਬਣਾਇਆ ਗਿਆ ਸੀ, ਤਾਂ ਇੱਥੇ ਪਰਮੇਸ਼ੁਰ ਆਉਂਦਾ ਹੈ, ਨਬੀ ਦੁਆਰਾ ਇਸ ਨੂੰ ਪਹਿਲਾਂ ਤੋਂ ਦੇਖਿਆ ਗਿਆ ਸੀ…ਹੁਣ ਉਹ ਵਚਨ ਯਾਦ ਹੈ, ਨਬੀ ਨੇ ਇਸ ਨੂੰ ਪਹਿਲਾਂ ਹੀ ਦੇਖ ਲਿਆ ਸੀ, ਬਸ ਉਹੀ ਨਬੀ ਜਿਸ ਨੇ ਇਨ੍ਹਾਂ ਅੰਤਲੇ ਦਿਨਾਂ ਵਿੱਚ ਸ਼ਤਾਨ ਨੂੰ ਦੇਖਿਆ ਸੀ, ਵੇਖੋ, ਇਹ ਵਿਦਿਅਕ ਪ੍ਰੋਗਰਾਮ ਅਤੇ ਉਹ ਚੀਜ਼ਾਂ, ਧਾਰਮਿਕ ਪ੍ਰੋਗਰਾਮ ਜਿਹੜੇ ਉਸ ਕੋਲ ਹਨ। ਉਸੇ ਨਬੀ ਨੇ, ਯਸਾਯਾਹ 9:6, ਵਿੱਚ ਕਿਹਾ, "ਸਾਡੇ ਲਈ ਤਾਂ ਇੱਕ ਬਾਲਕ ਜੰਮਿਆਂ, ਅਤੇ ਸਾਨੂੰ ਇੱਕ ਪੁੱਤ੍ਰ ਬਖ਼ਸ਼ਿਆ ਗਿਆ; ਉਹ ਦਾ ਨਾਮ ਇਉਂ ਸੱਦਿਆ ਜਾਵੇਗਾ, 'ਅਚਰਜ ਸਲਾਹੂ, ਸ਼ਾਂਤੀ ਦਾ ਰਾਜ ਕੁਮਾਰ, ਸਰਬਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ।' ਅਤੇ ਉਸਦੇ ਰਾਜ ਦਾ ਕੋਈ ਅੰਤ ਨਹੀਂ ਹੋਵੇਗਾ।" ਅਤੇ ਇਹ ਵਚਨ ਪਰਮੇਸ਼ੁਰ ਦਾ ਵਚਨ ਹੈ। ਅਤੇ ਆਤਮਾ ਉਸ ਵਚਨ ਉੱਤੇ ਮੰਡਰਾਇਆ, ਅਤੇ ਇਸ ਨੇ ਇੱਕ ਕੁਆਰੀ ਦੇ ਗਰਭ ਵਿੱਚ ਰੂਪ ਧਾਰਿਆ। ਆਮੀਨ। "ਇੱਕ ਪੁੱਤਰ ਨੇ ਜਨਮ ਲਿਆ," ਰਚਿਆ ਨਹੀਂ ਗਿਆ, "ਜਨਮ ਲਿਆ।"

216 ਸ਼ੈਤਾਨ ਨੇ ਇਸ ਤੇ ਛਿੜਕਾਅ ਕਰਨ ਦੀ, ਵਾਰ-ਵਾਰ ਕੋਸ਼ਿਸ਼ ਕੀਤੀ। ਉਹ

ਉਸਨੂੰ ਉੱਪਰ ਲੈ ਗਿਆ ਅਤੇ ਕਿਹਾ, "ਜੇ ਤੂੰ ਉਹੀ ਹੈਂ ਜੋ ਤੂੰ ਕਹਿੰਦਾ ਹੈਂ ਕਿ ਤੂੰ ਹੈਂ, ਤਾਂ ਮੇਰੇ ਲਈ ਇੱਥੇ ਕੁਝ ਚੰਗਾਈ ਕਰ। ਮੈਨੂੰ ਦਿਖਾਓ ਕਿ ਤੂੰ ਇਹ ਕਿਵੇਂ ਕਰ ਸਕਦਾ ਹੈਂ। ਇਸ ਨੂੰ ਰੋਟੀ ਵਿੱਚ ਬਦਲ ਦੇ, ਅਤੇ ਇਨ੍ਹਾਂ ਪੱਥਰਾਂ ਨੂੰ ਰੋਟੀਆਂ ਬਣਾ ਦੇ। ਚਲੋ ਤੈਨੂੰ ਚਾਲ ਮਾਰਦੇ ਨੂੰ ਵੇਖੀਏ, ਕਿਉਂਕਿ ਵਚਨ ਕਹਿੰਦਾ ਹੈ ਕਿ ਤੂੰ ਇਹ ਕਰੇਂਗਾ।"

217 ਤੁਸੀਂ ਦੇਖਦੇ ਹੋ ਕਿ ਉਹ ਧਾਰਮਿਕ ਸ਼ਤਾਨ ਅੱਜ ਵੀ ਇਹੀ ਗੱਲ ਕਹਿ ਰਹੇ ਹਨ? "ਜੇ ਦੈਵਿਕ ਚੰਗਾਈ ਵਰਗੀ ਕੋਈ ਚੀਜ਼ ਹੈ; ਤਾਂ ਇੱਥੇ ਫਲਾਣਾ-ਫਲਾਣਾ ਭਾਈ ਪਿਆ ਹੋਇਆ ਹੈ, ਆਓ ਦੇਖੀਏ ਕਿ ਤੁਸੀਂ ਉਸ ਨੂੰ ਚੰਗਾ ਕਰਦੇ ਹੋ।"

218 ਉਹੀ ਸ਼ੈਤਾਨ ਯਿਸੂ ਦੀ ਸਲੀਬ ਕੋਲ ਖੜ੍ਹਾ ਸੀ, ਕਿਹਾ, "ਜੇ ਤੂੰ ਪਰਮੇਸ਼ੁਰ ਦਾ ਪੁੱਤ੍ਰ ਹੈਂ, ਤਾਂ ਸਲੀਬ ਉੱਤੋਂ ਉੱਤਰ ਆ।"

219 ਵਚਨ ਨੇ ਕਿਹਾ ਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ। ਆਤਮਾ ਨੇ ਸਾਬਤ ਕੀਤਾ ਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ। ਯਸਾਯਾਹ 9:6 ਪੂਰੀ ਹੋਈ ਸੀ। ਅਤੇ ਉਸ ਰਾਤ, ਤੁਹਾਡੇ ਵਿੱਚੋਂ ਬਹੁਤਿਆਂ ਨੇ ਪ੍ਰਸਾਰਣ ਵਿੱਚ ਸੁਣਿਆ ਕਿ ਅਸੀਂ ਕੁਝ-ਸੱਠ-ਕੁ ਲਿਖਤਾਂ ਦਿੰਦੇ ਹਾਂ, ਲਗਭਗ, ਮੇਰਾ ਵਿਸ਼ਵਾਸ ਹੈ, ਇਹ ਸਾਬਤ ਕਰਨ ਬਾਰੇ ਕਿ ਵਚਨ ਨੇ ਕਿਹਾ ਹੈ ਕਿ ਉਹ ਉਹੀ ਸੀ।

220 ਔਹ, ਸ਼ੈਤਾਨ ਨੇ ਵਾਰ-ਵਾਰ ਕੋਸ਼ਿਸ਼ ਕੀਤੀ, ਸਭ ਕੁਝ ਕੀਤਾ। ਇੱਕ ਰਾਤ, ਉਹ ਬੇੜੀ ਦੇ ਪਿਛਲੇ ਪਾਸੇ ਲੇਟਿਆ ਹੋਇਆ ਸੀ, ਉਸਨੇ ਉਸਨੂੰ ਸੁੱਤੇ ਹੋਏ ਵੇਖਿਆ। ਅਤੇ ਉਸਨੇ ਕਿਹਾ, "ਮੈਂ ਉਸਨੂੰ ਹੁਣੇ ਤਬਾਹ ਕਰ ਦਿਆਂਗਾ।" ਪਰ ਉਹ ਨਹੀਂ ਕਰ ਸਕਿਆ।

221 ਉਸਨੇ ਉਸਨੂੰ ਗਲਤ ਕੰਮ ਕਰਨ ਲਈ ਭਰਮਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਅਜਿਹਾ ਨਹੀਂ ਕਰ ਸਕਿਆ। ਕਿਉਂ? ਉਸ ਤੇ ਪਹਿਲਾਂ ਤੋਂ ਠਹਿਰਾਏ ਜਾਣ ਵਾਲੇ ਪ੍ਰਤੀਰੋਧਕ ਦਾ ਛਿੜਕਾਅ ਕੀਤਾ ਗਿਆ ਸੀ। ਉਹਨਾਂ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ। ਨਹੀਂ, ਨਹੀਂ। ਵਚਨ ਨੇ ਕਿਹਾ ਕਿ ਉਹ ਇੱਥੇ ਹੋਵੇਗਾ। ਆਮੀਨ। ਇੱਥੇ ਕੋਈ ਸ਼ੈਤਾਨ ਨਹੀਂ ਹੈ ਜੋ ਉਸਨੂੰ ਪਰੇਸ਼ਾਨ ਕਰੇਗਾ, ਅਤੇ ਪਰਮੇਸ਼ੁਰ ਦਾ ਕੋਈ ਹੋਰ ਪੁੱਤਰ ਨਹੀਂ ਹੈ, ਜੋ ਉਸਦੀ ਜਗ੍ਹਾ ਲੈਣ ਲਈ ਪਹਿਲਾਂ ਤੋਂ ਠਹਿਰਾਇਆ ਗਿਆ ਹੈ। ਉਸ ਤੇ ਇੱਕ ਪ੍ਰਤੀਰੋਧਕ ਨਾਲ ਛਿੜਕਾਅ ਕੀਤਾ ਗਿਆ ਹੈ। ਸ਼ੈਤਾਨ ਦਾ ਜ਼ਹਿਰ, ਨਾਮਧਾਰੀ ਡਾਕਟਰ ਉਸ ਨੂੰ ਬਿਲਕੁਲ ਵੀ ਛੂਹ ਨਹੀਂ ਸਕਦੇ। ਉਹ ਠੀਕ ਅੱਗੇ ਵੱਧਦਾ ਜਾਂਦਾ ਹੈ, ਉਸ ਨੂੰ ਕੁਝ ਵੀ ਪਰੇਸ਼ਾਨ ਨਹੀਂ ਕਰੇਗਾ, ਵੇਖਿਆ। ਇਸ ਦਾ ਉਸ ਉੱਤੇ ਕੋਈ ਅਸਰ ਨਹੀਂ ਹੈ।

222 "ਅੱਛਾ, ਮੈਂ ਤੈਨੂੰ ਸਾਰੀ ਧਰਤੀ ਦਾ ਬਿਸ਼ਪ ਬਣਾ ਦਿਆਂਗਾ। ਇਸ ਉੱਤੇ

ਮੇਰੀ ਹਕੂਮਤ ਹੈ। ਜੇ ਤੂੰ ਬਸ ਮੇਰੀ ਅਰਾਧਨਾ ਕਰੇਂ, ਮੇਰੇ ਝੁੰਡ ਵਿੱਚ ਸ਼ਾਮਲ ਹੋ ਜਾਵੇਂ, ਮੈਂ—ਮੈਂ ਤੈਨੂੰ ਹਾਕਮ ਬਣਾਵਾਂਗਾ। ਮੈਂ ਤੈਨੂੰ ਉੱਪਰ ਚੁੱਕਣ ਲਈ, ਅਹੁਦਾ ਛੱਡ ਦੇਵਾਂਗਾ।"

223 ਉਸ ਨੇ ਕਿਹਾ, "ਮੇਰੇ ਕੋਲੋਂ ਚੱਲਿਆ ਜਾਹ, ਸ਼ਤਾਨਾ। ਇਹ ਲਿਖਿਆ ਹੈ, 'ਤੂੰ ਵਚਨ, ਆਪਣੇ ਪਰਮੇਸ਼ੁਰ ਦੀ ਉਪਾਸਨਾ ਕਰ, ਅਤੇ ਕੇਵਲ ਉਸੇ ਦੀ ਹੀ ਸੇਵਾ ਕਰ।'" ਫਿਰ ਇੱਕ ਦਿਨ…

ਇਸ ਮਹਾਨ ਵਿਅਕਤੀ ਤੇ, ਮੈਂ ਕੁਝ ਦੇਰ ਉਸ ਤੇ ਰੁਕਣਾ ਚਾਹੁੰਦਾ ਹਾਂ।

224 ਪਰ ਇੱਕ ਦਿਨ, ਆਤਮਾ ਦੁਬਾਰਾ ਉਸ ਉੱਤੇ ਮੰਡਰਾਇਆ; ਕਿਉਂਕਿ ਉਸ ਬਾਰੇ ਕੁਝ ਵਚਨ ਲਿਖਿਆ ਗਿਆ ਸੀ, ਜਿਹੜਾ ਪਰਮੇਸ਼ੁਰ ਕੋਲੋਂ, ਨਬੀ ਦੇ ਰਾਹੀਂ ਆਇਆ ਸੀ, "ਅਤੇ ਉਸਨੂੰ ਇੱਕ ਲੇਲੇ ਵਾਂਗ, ਵੱਢੇ ਜਾਣ ਲਈ ਲਿਜਾਇਆ ਗਿਆ।" ਅਤੇ ਆਤਮਾ ਉਸ ਉੱਤੇ ਆਇਆ, ਅਤੇ ਉਸਦੀ ਅਗਵਾਈ ਕੀਤੀ, ਅਤੇ ਉਸਨੂੰ ਕਲਵਰੀ ਸਲੀਬ ਉੱਤੇ ਭੇਜਿਆ। ਉਥੇ ਉਹ ਮਰ ਗਿਆ। ਅਤੇ ਉਹ ਸਭ ਕੁਝ ਜੋ ਉਸਦੇ ਬਾਰੇ ਕਿਹਾ ਗਿਆ ਸੀ, ਪੂਰਾ ਹੋਇਆ, ਪਰਮੇਸ਼ੁਰ ਦੇ ਪਹਿਲਾਂ ਤੋਂ ਠਹਿਰਾਏ ਸਾਰੇ ਬੀਜਾਂ ਲਈ ਪ੍ਰਕਾਸ਼ ਅਤੇ ਜੀਵਨ ਲਿਆਉਣ ਲਈ ਜਿਹੜੇ ਧਰਤੀ ਉੱਤੇ ਸਨ। ਉਹ ਇਸ ਨੂੰ ਕਰਨ ਦਾ ਇੱਕ ਰਾਹ ਲੈ ਕੇ ਆਇਆ। *ਇੱਥੇ* ਬੀਜ ਹੈ, ਆਤਮਾ ਜੀਵਨ ਲਿਆਉਂਦਾ ਹੈ; ਪਰਮੇਸ਼ੁਰ ਦੇ ਪੁੱਤਰਾਂ ਅਤੇ ਧੀਆਂ ਨੂੰ, ਇਸ ਹਨੇਰੀ ਹਫੜਾ-ਦਫੜੀ ਵਾਲੇ ਸੰਸਾਰ ਵਿੱਚੋਂ, ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਵਿੱਚ ਬਦਲਦਾ ਹੈ।

225 "ਪਹਿਲਾਂ ਤੋਂ ਠਹਿਰਾਏ ਜਾਣ" ਸ਼ਬਦ ਤੋਂ ਠੋਕਰ ਨਾ ਖਾਓ। ਮੈਨੂੰ ਪਤਾ ਹੈ ਕਿ ਤੁਸੀਂ ਠੋਕਰ ਖਾਂਦੇ ਹੋ। ਪਰ, ਸੁਣੋ, ਇਹ ਮੇਰਾ ਵਚਨ ਨਹੀਂ ਹੈ। ਇਹ ਪਰਮੇਸ਼ੁਰ ਦੇ ਵਚਨਾਂ ਵਿੱਚੋਂ ਇੱਕ ਹੈ। ਤੁਸੀਂ ਇਸ ਨੂੰ ਪੜ੍ਹਨਾ ਚਾਹੁੰਦੇ ਹੋ, ਤਾਂ ਅਫ਼ਸੀਆਂ 1:5 ਪੜ੍ਹੋ, ਜੋ, "ਉਸ ਨੇ ਸਾਨੂੰ ਪਹਿਲਾਂ ਤੋਂ ਠਹਿਰਾਇਆ ਕਿ ਅਸੀਂ ਯਿਸੂ ਮਸੀਹ ਦੇ ਰਾਹੀਂ ਉਸ ਦੇ ਲੇਪਾਲਕ ਪੁੱਤਰ ਹੋਈਏ।" ਸਮਝੇ?

226 ਬੱਸ ਮੈਨੂੰ ਇਸ ਨੂੰ ਸਿਰਫ਼ ਇੱਕ ਮਿੰਟ ਲਈ ਤੋੜਨ ਦਿਓ, ਇੱਕ, ਇੱਕ ਮਿੰਟ ਵਿੱਚ, ਇਸ ਨੂੰ ਤੁਹਾਡੇ ਦਿਮਾਗ ਵਿੱਚੋਂ ਬਾਹਰ ਕੱਢਣ ਲਈ। ਦੇਖੋ। ਜਿਵੇਂ ਤੁਸੀਂ ਆਪਣੇ ਪਿਤਾ ਵਿੱਚ ਸੀ, ਸ਼ੁਰੂ ਵਿੱਚ, ਇੱਕ ਬੀਜ ਜੀਵਾਣੂ। ਕੀ ਤੁਸੀਂ ਇਹ ਜਾਣਦੇ ਹੋ, ਤੁਹਾਡੇ ਵਿੱਚੋਂ ਹਰ ਇੱਕ? ਤੁਸੀਂ ਆਪਣੇ ਦਾਦੇ ਦੇ ਦਾਦੇ ਦੇ-ਦਾਦੇ ਦੇ-ਦਾਦੇ ਦੇ ਵਿੱਚ, ਵੀ ਸੀ, ਕੀ ਤੁਹਾਨੂੰ ਇਹ ਪਤਾ ਹੈ?

227 ਇਬਰਾਨੀਆਂ ਦੀ ਕਿਤਾਬ ਪੜ੍ਹੋ, ਜਿੱਥੇ ਸਾਨੂੰ ਪਤਾ ਲੱਗਦਾ ਹੈ ਕਿ ਲੇਵੀ ਨੇ ਦਸਵੰਧ ਦਿੱਤਾ ਜਦੋਂ ਉਹ ਅਬਰਾਹਾਮ ਦੀ ਦੇਹ ਵਿੱਚ ਸੀ, ਉਸ ਤੋਂ ਚਾਰ ਪੀੜ੍ਹੀਆਂ ਪਹਿਲਾਂ। ਜਦੋਂ ਅਬਰਾਹਾਮ ਨੇ ਮਲਕਿਸਿਦਕ ਨੂੰ ਦਸਵੰਧ ਦਿੱਤਾ,

ਤਾਂ ਇਹ ਉਸਦੇ ਪੜਪੋਤੇ ਦੇ-ਪੜਪੋਤੇ ਦੇ-ਪੋਤੇ ਲਈ ਗਿਣਿਆ ਗਿਆ, ਅਤੇ ਉਹ ਉਦੋਂ ਅਬਰਾਹਾਮ ਦੀ ਦੇਹ ਵਿੱਚ ਸੀ। ਉਥੇ ਤੁਸੀਂ ਹੋ। ਸਮਝੇ?

228 ਤੁਸੀਂ ਆਪਣੇ ਪਿਤਾ ਦੀ ਦੇਹ ਵਿੱਚ ਸੀ, ਪਰ ਤੁਹਾਡਾ ਪਿਤਾ ਤੁਹਾਡੇ ਨਾਲ ਕੋਈ ਸੰਗਤੀ ਨਹੀਂ ਕਰ ਸਕਦਾ ਸੀ ਜਦੋਂ ਤੱਕ ਤੁਹਾਡਾ ਰੂਪਾਂਤਰਣ ਇੱਕ ਮਾਸ ਦੀ ਦੇਹ ਵਿੱਚ ਨਹੀਂ ਹੋਇਆ।

229 ਮੇਰਾ ਪੁੱਤਰ ਮੇਰੇ ਵਿੱਚ ਸੀ। ਮੈਂ—ਮੈਂ—ਮੈਂ ਇੱਕ ਪੁੱਤਰ ਚਾਹੁੰਦਾ ਸੀ, ਪਰ ਉਹ ਉਦੋਂ ਮੇਰੇ ਵਿੱਚ ਸੀ। ਸਮਝੇ? ਉਹ ਉਦੋਂ ਮੇਰੇ ਵਿੱਚ ਸੀ। ਪਰ ਵਿਆਹ ਦੇ ਬੰਧਨ ਦੁਆਰਾ, ਉਸ ਦਾ ਮੇਰੇ ਵਰਗੇ ਆਦਮੀ ਵਿੱਚ ਰੂਪਾਂਤਰਣ ਹੋਇਆ, ਅਤੇ ਫਿਰ ਉਹ ਮੇਰੇ ਵਰਗਾ ਬਣ ਗਿਆ।

230 ਅਤੇ ਤੁਸੀਂ ਆਪਣੇ ਮਾਤਾ-ਪਿਤਾ ਵਰਗੇ ਬਣ ਜਾਂਦੇ ਹੋ, ਦੇਖੋ, ਕਿਉਂਕਿ ਸ਼ੁਰੂਆਤ ਤੋਂ ਹੀ, ਇਹ ਤੁਹਾਡੇ ਵਿੱਚ ਸੀ। ਹੁਣ ਜੇ ਅਸੀਂ ਪਰਮੇਸ਼ੁਰ ਦੇ ਪੁੱਤਰ ਹਾਂ, ਤਾਂ ਉਸਦੇ ਗੁਣ…ਜੋ, ਤੁਸੀਂ ਆਪਣੇ ਪਿਤਾ ਦਾ ਗੁਣ ਹੋ, ਤੁਹਾਡੀ ਮਾਂ ਦੇ ਨਹੀਂ; ਤੁਹਾਡੇ ਪਿਤਾ ਦੇ। ਜੀਵਾਣੂ ਪਿਤਾ ਵਿੱਚ ਹੁੰਦਾ ਹੈ। ਸਮਝੇ? ਅਤੇ ਹੁਣ ਤੁਹਾਡੀ ਮਾਂ ਇੱਕ ਅੰਡੇਦਾਨੀ ਸੀ ਜੋ ਤੁਹਾਨੂੰ ਰੱਖਦੀ ਹੈ, ਤੁਹਾਡੇ ਪਿਤਾ ਦਾ ਬੀਜ ਰੱਖਦੀ ਹੈ। ਸਮਝੇ?

231 ਅਤੇ ਧਰਤੀ, ਦੇਹ ਵਿੱਚ, ਉਹ ਵੀ ਅੰਡੇਦਾਨੀ ਹੈ ਜੋ ਪਰਮੇਸ਼ੁਰ ਦੇ ਬੀਜ ਨੂੰ ਰੱਖਦੀ ਹੈ। ਦੇਖੋ, ਬਿਲਕੁਲ ਉਸੇ ਤਰ੍ਹਾਂ। ਸੰਸਾਰ ਨਹੀਂ, ਸੰਸਾਰ ਕਿੰਨਾ ਵੱਡਾ ਹੈ; ਇਹ ਉਨਾਂ ਹੀ ਵੱਡਾ ਹੈ ਜਿਨਾ ਪਰਮੇਸ਼ੁਰ ਨੇ ਇਸਨੂੰ ਬਣਾਇਆ ਹੈ। ਸਮਝੇ? ਸਮਝੇ?

232 ਹੁਣ ਜੇਕਰ ਤੁਸੀਂ ਪਰਮੇਸ਼ੁਰ ਦੇ ਪੁੱਤਰ ਅਤੇ ਧੀ ਹੋ, ਤਾਂ ਫਿਰ ਤੁਸੀਂ ਸ਼ੁਰੂ ਵਿੱਚ ਪਰਮੇਸ਼ੁਰ ਦੇ ਵਿੱਚ ਸੀ। ਤੁਸੀਂ ਉਸ ਦਾ ਗੁਣ ਹੋ। ਜੇ ਤੁਸੀਂ ਉਦੋਂ ਉੱਥੇ ਨਹੀਂ ਸੀ, ਤਾਂ ਫਿਰ ਤੁਸੀਂ ਕਦੇ ਨਹੀਂ ਸੀ ਅਤੇ ਕਦੇ ਨਹੀਂ ਹੋਵੋਗੇ।

233 ਕਿਉਂਕਿ, ਮੈਂ ਆਪਣੀ ਦੇਹ ਵਿੱਚ, *ਇੱਥੋਂ* ਇਸ ਆਦਮੀ ਜਾਂ *ਉੱਥੋਂ* ਉਸ ਆਦਮੀ ਦਾ ਪੁੱਤਰ ਨਹੀਂ ਰੱਖ ਸਕਦਾ, ਮੈਂ ਸਿਰਫ ਆਪਣੇ ਪੁੱਤਰਾਂ ਨੂੰ ਹੀ ਰੱਖ ਸਕਦਾ ਹਾਂ, ਅਤੇ ਉਹ ਮੇਰੀ ਸਮਾਨਤਾ ਵਿੱਚ ਹੋਣਗੇ। ਹਲਲੂਯਾਹ। ਤੁਸੀਂ ਇਸ ਨੂੰ ਸਮਝ ਰਹੇ ਹੋ?

234 ਪੁੱਤਰ ਅਤੇ ਧੀਆਂ ਸ਼ੁਰੂ ਵਿੱਚ ਪਰਮੇਸ਼ੁਰ ਦੇ ਅੰਦਰ ਸਨ। ਹੁਣ ਦੇਖੋ। ਤੁਹਾਨੂੰ ਸਦੀਪਕ ਜੀਵਨ ਮਿਲ ਗਿਆ ਹੈ, ਤੁਸੀਂ ਕਹਿੰਦੇ ਹੋ। ਅਸੀਂ ਵਿਸ਼ਵਾਸ ਕਰਦੇ ਹਾਂ, ਕਿ ਸਾਨੂੰ ਸਦੀਪਕ ਜੀਵਨ ਮਿਲਿਆ ਹੈ। ਖੈਰ, ਸਦੀਪਕ ਜੀਵਨ ਦਾ ਕੇਵਲ ਇੱਕ ਹੀ ਰੂਪ ਹੈ, ਅਤੇ ਉਹ ਹੈ ਪਰਮੇਸ਼ੁਰ। ਕੇਵਲ ਉਹੀ ਚੀਜ਼ ਹੈ ਜੋ ਸਦੀਪਕ ਹੈ, ਉਹ ਪਰਮੇਸ਼ੁਰ ਹੈ। ਫਿਰ ਜੇ ਤੁਹਾਡੇ ਕੋਲ ਸਦੀਪਕ ਜੀਵਨ

ਹੈ, ਤਾਂ ਉਹ ਜੀਵਨ ਸਦਾ ਤੋਂ ਤੁਹਾਡੇ ਅੰਦਰ ਸੀ, ਅਤੇ ਇਸ ਤੋਂ ਪਹਿਲਾਂ ਕਿ ਕੋਈ ਸੰਸਾਰ ਹੁੰਦਾ ਤੁਸੀਂ ਪਰਮੇਸ਼ੁਰ ਦੀ ਦੇਹ ਦੇ ਵਿੱਚ ਸੀ। ਅਤੇ ਜਦੋਂ ਵਚਨ ਆਪਣੇ ਆਪ...ਯਿਸੂ ਨੂੰ ਖੁਦ ਨੂੰ ਵਚਨ ਕਿਹਾ ਜਾਂਦਾ ਹੈ, ਅਤੇ ਸੰਤ ਯੂਹੰਨਾ 1 ਵਿੱਚ, ਕਿਹਾ ਹੈ, "ਆਦ ਵਿੱਚ ਸ਼ਬਦ ਸੀ, ਅਤੇ ਸ਼ਬਦ ਪਰਮੇਸ਼ਰ ਦੇ ਸੰਗ ਸੀ, ਅਤੇ ਸ਼ਬਦ ਪਰਮੇਸ਼ਰ ਸੀ। ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਸਾਡੇ ਵਿੱਚ ਵਾਸ ਕੀਤਾ।" ਤਦ ਤੁਸੀਂ ਯਿਸੂ ਦੀ ਦੇਹ ਵਿੱਚ ਸੀ, ਅਤੇ ਉਸਦੇ ਨਾਲ ਕਲਵਰੀ ਉੱਤੇ ਚਲੇ ਗਏ। ਤੁਸੀਂ ਉਸ ਦੇ ਨਾਲ ਮਰ ਗਏ, ਅਤੇ ਤੁਸੀਂ ਉਸ ਦੇ ਨਾਲ ਜੀ ਉੱਠੇ। ਅਤੇ ਅੱਜ ਅਸੀਂ ਉਸ ਵਿੱਚ ਸਵਰਗੀ ਸਥਾਨਾਂ ਵਿੱਚ ਬੈਠੇ ਹੋਏ ਹਾਂ, ਉਸਦੀ ਆਤਮਾ ਨਾਲ ਭਰਪੂਰ, ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ। ਉਸ ਦੇ ਨਾਲ ਮਰ ਗਏ, ਉਸ ਦੇ ਨਾਲ ਉੱਠਾਏ ਗਏ। ਯਕੀਨਨ।

235 ਹੁਣ ਫਿਰ, ਹੁਣ, ਹੁਣ ਤੁਸੀਂ ਉਸ ਨਾਲ ਸੰਗਤੀ ਕਰ ਸਕਦੇ ਹੋ। ਤੁਸੀਂ ਪਹਿਲਾਂ ਉੱਥੇ ਨਹੀਂ ਕਰ ਸਕਦੇ ਸੀ, ਕਿਉਂਕਿ ਤੁਸੀਂ ਸਿਰਫ਼ ਇੱਕ ਸ਼ਬਦ, ਇੱਕ ਬੀਜ ਸੀ ਜੋ ਉਸਦੇ ਵਿੱਚ ਸੀ। ਪਰ ਹੁਣ ਉਸ ਨੇ ਤੁਹਾਨੂੰ ਪ੍ਰਗਟ ਕੀਤਾ ਹੈ, ਅਤੇ ਹੁਣ ਉਹ ਚਾਹੁੰਦਾ ਹੈ ਕਿ ਤੁਸੀਂ ਉਸ ਨਾਲ ਸੰਗਤ ਕਰੋ। ਫਿਰ ਉਹ ਹੇਠਾਂ ਆਇਆ, ਦੇਹਧਾਰੀ ਹੋਇਆ ਤਾਂ ਜੋ ਉਹ ਤੁਹਾਡੇ ਨਾਲ ਸਿੱਧ ਰੂਪ ਵਿੱਚ ਸੰਗਤ ਕਰ ਸਕੇ। ਵੇਖੋ ਸਿੱਧ ਸੰਗਤੀ? ਔਹ, ਮੇਰੇ, ਪਰਮੇਸ਼ੁਰ ਦੇ ਉਹ ਡੂੰਘੇ ਭੇਤ! ਕਿੰਨੇ ਸ਼ਾਨਦਾਰ ਹਨ! ਵੇਖੋ, ਪਰਮੇਸ਼ੁਰ ਆਤਮਾ ਵਿੱਚ ਸੰਗਤੀ ਨਹੀਂ ਕਰ ਸਕਦਾ ਸੀ, ਇਸ ਲਈ ਪਰਮੇਸ਼ੁਰ ਸਾਡੇ ਨਾਲ ਮਨੁੱਖ ਬਣ ਗਿਆ।

236 ਯਿਸੂ ਮਸੀਹ ਖੁਦ ਪ੍ਰਗਟ, ਪਰਮੇਸ਼ੁਰ ਸੀ, ਕਿਉਂਕਿ, ਉਹ ਇੱਕ ਪੁੱਤਰ ਸੀ ਕਿਉਂਕਿ ਉਹ ਇਕਲੌਤਾ ਸੀ, ਪਰ ਇਹ ਉਸਦੇ ਰਹਿਣ ਲਈ ਸਿਰਫ਼ ਇੱਕ ਤੰਬੂ ਸੀ। "ਕਿਸੇ ਨੇ ਪਰਮੇਸ਼ੁਰ ਨੂੰ ਕਦੇ ਨਹੀਂ ਵੇਖਿਆ, ਪਰ ਪਿਤਾ ਦੇ ਇਕਲੌਤੇ ਪੁੱਤ੍ਰ ਨੇ ਉਹ ਨੂੰ ਪਰਗਟ ਕੀਤਾ।" ਪਰਮੇਸ਼ੁਰ ਨੇ ਆਪਣੇ ਆਪ ਲਈ ਇੱਕ ਘਰ ਬਣਾਇਆ, ਰਹਿਣ ਲਈ ਇੱਕ ਦੇਹ, ਉਹ ਹੇਠਾਂ ਆਇਆ ਤਾਂ ਜੋ ਤੁਸੀਂ ਉਸਨੂੰ ਛੂਹ ਸਕੋ। ਪਹਿਲਾ ਤਿਮੋਥਿਉਸ 3:16, "ਨਿਸੰਗ, ਭਗਤੀ ਦਾ ਭੇਤ ਤਾਂ ਵੱਡਾ ਹੈ; ਕਿਉਂਕਿ ਪਰਮੇਸ਼ੁਰ ਸਰੀਰ ਵਿੱਚ ਪ੍ਰਗਟ ਹੋਇਆ, ਦੂਤਾਂ ਤੋਂ ਵੇਖਿਆ ਗਿਆ, ਉਸ ਉੱਤੇ ਵਿਸ਼ਵਾਸ ਕੀਤਾ ਗਿਆ, ਸਵਰਗ ਵਿੱਚ ਉਠਾਇਆ ਗਿਆ।" ਸਮਝੇ? ਹੁਣ ਉਹ...

237 ਤੁਸੀਂ ਦੇਹ ਹੋ, ਅਤੇ ਉਹ ਦੇਹ ਹੈ, ਤਾਂ ਫਿਰ ਹੁਣ ਤੁਸੀਂ ਸੰਗਤੀ ਕਰ ਸਕਦੇ ਹੋ, ਕਿਉਂਕਿ ਉਹ ਪਰਮੇਸ਼ੁਰ ਦੇ ਪ੍ਰੇਮ ਦਾ ਗੁਣ ਸੀ। ਪਰਮੇਸ਼ੁਰ ਪ੍ਰੇਮ ਹੈ। ਕੀ ਇਹ ਸਹੀ ਹੈ? ਅਤੇ ਯਿਸੂ ਪਰਮੇਸ਼ੁਰ ਦੇ ਪ੍ਰੇਮ ਦਾ ਗੁਣ ਸੀ। ਅਤੇ ਜਦੋਂ ਪ੍ਰੇਮ ਦਾ ਗੁਣ ਦਿਖਾਇਆ ਗਿਆ ਸੀ, ਜੋ, ਉਹ ਖੁਦ ਪਰਮੇਸ਼ੁਰ ਸੀ; ਸਾਰੇ ਗੁਣ ਜੋ

ਉਸ ਵਿੱਚ ਸਨ, ਉਸ ਕੋਲ ਆਉਂਦੇ ਹਨ, "ਉਹ ਸਭ ਜੋ ਪਿਤਾ ਨੇ ਮੈਨੂੰ ਦਿੱਤੇ ਹਨ, ਮੇਰੇ ਕੋਲ ਆਉਣਗੇ।" ਯਕੀਨਨ, ਉਨ੍ਹਾਂ ਨੂੰ ਪਹਿਲਾਂ ਤੋਂ ਠਹਿਰਾਇਆ ਜਾਣਾ ਸੀ। ਜੇ ਇਹ ਅਜਿਹਾ ਨਹੀਂ ਸੀ, ਤਾਂ ਤੁਸੀਂ ਉੱਥੇ ਨਹੀਂ ਹੋਵੋਗੇ। ਇਹੀ ਸਭ ਹੈ। ਯਕੀਨਨ।

238 ਹੁਣ ਅਸੀਂ ਸੰਗਤੀ ਕਰ ਸਕਦੇ ਹਾਂ, ਉਸਦੇ ਵਚਨ ਦੇ ਧਨ ਦੁਆਰਾ, ਅਤੇ ਜਿਸ ਵਿੱਚ ਤੁਸੀਂ ਇੱਕ ਹਿੱਸਾ ਹੋ। ਤੁਸੀਂ ਵਚਨ ਦਾ ਹਿੱਸਾ ਹੋ; ਕਿਉਂਕਿ ਉਹ ਆਦ ਵਿੱਚ ਵਚਨ ਸੀ, ਹੁਣ ਤੁਸੀਂ ਵਚਨ ਹੋ। ਸਮਝੇ? ਮੈਂ ਅੱਜ ਰਾਤ ਪਰਚਾਰ ਕਰ ਰਿਹਾ ਹਾਂ, ਜਾਂ ਐਤਵਾਰ ਜਾਂ ਕਿਸੇ ਦਿਨ ਜਦੋਂ ਮੈਂ ਆਵਾਂਗਾ, ਵਚਨ ਬਾਰੇ ਕਿ ਇਹ ਕੀ ਹੈ, ਸਮਝੇ। ਅਤੇ ਹੁਣ ਤੁਸੀਂ ਵਚਨ ਦਾ ਹਿੱਸਾ ਹੋ।

239 ਸੁਣੋ। ਇੱਕ ਚੀਜ਼ ਹੈ ਜੋ ਮੈਂ ਨਹੀਂ ਕਰ ਸਕਦਾ। ਮੈਂ ਆਪਣੇ ਪੁਰਖਿਆਂ ਬਾਰੇ ਸ਼ੇਖੀ ਨਹੀਂ ਮਾਰ ਸਕਦਾ। ਨਹੀਂ, ਮੈਂ ਇੱਕ ਭਿਆਨਕ ਗੰਦਗੀ ਵਿੱਚੋਂ ਆਇਆ ਹਾਂ। ਮੇਰੇ ਪਿਤਾ ਇੱਕ ਆਇਰਿਸ਼ ਵਾਸੀ ਸਨ। ਮੇਰੀ ਮਾਂ ਉੱਤਰੀ ਅਮਰੀਕਾ ਤੋਂ ਸੀ, ਅੱਧੀ ਇੰਡੀਅਨ; ਉਸਦੀ ਮਾਂ ਇੱਕ ਇੰਡੀਅਨ ਯਾਨੀ ਉੱਤਰੀ ਅਮਰੀਕਾ ਤੋਂ ਸੀ, ਜਿਸਨੂੰ ਪੈਨਸ਼ਨ ਮਿਲਦੀ ਸੀ। ਹੁਣ, ਉਹ ਸਾਰੇ, ਸ਼ਰਾਬੀ, ਬਹੁਤੇ ਸਾਰੇ ਆਪਣੀ ਜੁੱਤੀਆਂ ਪਹਿਨੇ ਹੋਏ ਮਰ ਗਏ, ਲੜਦੇ ਹੋਏ, ਬੰਦੂਕਾਂ ਨਾਲ ਲੜਨ ਵਾਲੇ, ਅਤੇ ਵਗੈਰਾ ਵਗੈਰਾ। ਮੈਂ ਇਸ ਬਾਰੇ ਕੋਈ ਵੀ ਸ਼ੇਖ਼ੀ ਨਹੀਂ ਮਾਰ ਸਕਦਾ, ਕਿਉਂਕਿ ਮੇਰੇ ਪੁਰਖੇ ਅਤੇ ਮੇਰੇ ਪਰਿਵਾਰ ਦੀ ਵੰਸ਼ਾਵਲੀ ਭਿਆਨਕ ਹੈ।

240 ਪਰ, ਭਾਈ, ਇੱਕ ਚੀਜ਼ ਹੈ ਜਿਸ ਤੇ ਮੈਂ ਸ਼ੇਖ਼ੀ ਮਾਰ ਸਕਦਾ ਹਾਂ, ਮੈਂ ਆਪਣੇ ਪ੍ਰਭੂ ਯਿਸੂ ਉੱਤੇ ਸ਼ੇਖ਼ੀ ਮਾਰ ਸਕਦਾ ਹਾਂ ਜਿਸ ਨੇ ਮੈਨੂੰ ਛੁਡਾਇਆ ਹੈ। ਅਤੇ ਉਸਦੀ ਰੂਪਾਂਤਰਣ ਸ਼ਕਤੀ ਨਾਲ ਇੱਕ ਬੀਜ ਬੀਜਿਆ, ਪਹਿਲਾਂ ਤੋਂ ਠਹਿਰਾਏ ਜਾਣ ਦੁਆਰਾ, ਅਤੇ ਮੈਂ ਇਸਨੂੰ ਦੇਖਿਆ। ਹੁਣ ਮੈਂ ਕਿਸਦਾ ਪੁੱਤਰ ਹਾਂ? ਹਾਂ। ਮੈਂ ਉਸ ਉੱਤੇ ਸ਼ੇਖ਼ੀ ਮਾਰ ਸਕਦਾ ਹਾਂ। ਅਤੇ ਮੈਂ ਆਪਣੀ ਜ਼ਿੰਦਗੀ ਦੇ ਤੇਤੀ ਸਾਲ, ਉਸ ਉੱਤੇ ਸ਼ੇਖੀ ਮਾਰਦਿਆਂ ਬਿਤਾਏ ਹਨ। ਜੇ ਉਹ ਮੈਨੂੰ ਹੋਰ ਤੇਤੀ ਸਾਲ ਦਿੰਦਾ ਹੈ, ਤਾਂ ਮੈਂ ਕੋਸ਼ਿਸ ਕਰਾਂਗਾ ਕਿ ਉਸ ਉੱਤੇ ਹੋਰ ਸ਼ੇਖੀ ਮਾਰਾਂ। ਸਮਝੇ? ਮੈਂ ਆਪਣੇ ਪੂਰਵਜ ਤੇ ਸ਼ੇਖੀ ਮਾਰ ਸਕਦਾ ਹਾਂ, ਹਲਲੂਯਾਹ, ਜਿਸ ਨੇ ਮੈਨੂੰ ਛੁਡਾਇਆ ਅਤੇ *ਇੱਥੇ* ਜੀਵਨ ਦਾ ਬੀਜ ਬੀਜਿਆ, ਅਤੇ ਮੈਨੂੰ ਇਸ ਵਚਨ ਵੱਲ ਵੇਖਣ ਦਿੱਤਾ, ਉਸਦੀ ਆਤਮਾ ਨੂੰ ਹੇਠਾਂ ਭੇਜਿਆ ਅਤੇ ਕਿਹਾ, "ਇਹ ਇੱਥੇ ਹੈ। *ਇਹ* ਬੋਲ, ਅਤੇ ਇਹ ਹੋ ਜਾਵੇਗਾ। *ਉਹ* ਕਰ।" ਅਤੇ ਔਹ, ਮੇਰੇ, ਮੈਂ ਉਸ ਤੇ ਸ਼ੇਖ਼ੀ ਮਾਰ ਸਕਦਾ ਹਾਂ! ਉਸਨੇ ਇਹ ਕਿਵੇਂ ਕੀਤਾ? ਵਚਨ ਦੇ ਜਲ ਦੁਆਰਾ ਧੋਤੇ ਜਾਣ ਦੁਆਰਾ, ਅਲਗਾਵ ਦਾ ਜਲ। ਕਾਸ਼ ਅਸੀਂ ਇਸ

ਦੀ ਵਿਆਖਿਆ ਕਰ ਸਕਦੇ।

241 ਪਹਿਲਾਂ ਤੋਂ ਠਹਿਰਾਏ ਗਏ ਸੱਚੇ ਵਿਸ਼ਵਾਸੀ ਵਚਨ ਦੇ ਨਾਲ ਰਹਿਣਗੇ ਕਿਉਂਕਿ ਉਹ ਉਸ ਵਚਨ ਦਾ ਹਿੱਸਾ ਹਨ।

242 ਔਹ, ਭਟਕਦੇ ਹੋਏ ਤਾਰੇ, ਤੂੰ ਕਦੋਂ ਤੱਕ ਭਟਕੇਂਗਾ? ਤੁਸੀਂ ਮੈਥੋਡਿਸਟ, ਬੈਪਟਿਸਟ, ਪ੍ਰੈਸਬੀਟੇਰੀਅਨ, ਬਾਹਰਲੇ ਲੋਕੋ, ਤੁਸੀਂ ਜੋ ਵੀ ਹੋ, ਭਟਕਦੇ ਹੋਏ ਤਾਰਿਓ, ਕਲੀਸਿਯਾ ਤੋਂ ਕਲੀਸਿਯਾ ਤੱਕ, ਇਸ ਜਗ੍ਹਾ ਤੋਂ ਉਸ ਜਗ੍ਹਾ ਤਕ, ਅਤੇ ਟੈਲੀਵਿਜ਼ਨ ਤੋਂ ਟੈਲੀਵਿਜ਼ਨ ਤਕ, ਸੰਸਾਰ ਤੋਂ ਸੰਸਾਰ ਤਕ, ਤੁਸੀਂ ਕਿਉਂ ਨਹੀਂ ਆਉਂਦੇ? ਉਹ ਤੁਹਾਡੇ ਨਾਲ ਸੰਗਤੀ ਕਰਨ ਦੀ ਇੱਛਾ ਰੱਖਦਾ ਹੈ। ਉਹ ਤੁਹਾਡੇ ਲਈ ਤਰਸ ਰਿਹਾ ਹੈ। ਉਹ ਤੁਹਾਡੇ ਮਨ ਨੂੰ ਨਵਾਂ ਕਰ ਕੇ ਤੁਹਾਨੂੰ ਬਦਲਣਾ ਚਾਹੁੰਦਾ ਹੈ, ਕਲੀਸਿਯਾ ਜਾਂ ਨਾਮਧਾਰੀ ਸੰਸਥਾ ਲਈ ਨਹੀਂ, ਪਰ ਉਸਦੇ ਵਚਨ ਲਈ, ਜੋ, ਜੇਕਰ ਤੁਹਾਡੇ ਵਿੱਚ ਇਹ ਇੱਛਾ ਹੈ ਤਾਂ ਤੁਸੀਂ ਉਸਦਾ ਇੱਕ ਹਿੱਸਾ ਹੋ।

> *ਧੰਨ ਹਨ ਉਹ ਜਿਹੜੇ ਧਰਮ ਲਈ ਭੁੱਖੇ ਅਤੇ ਪਿਆਸੇ ਹਨ: ਕਿਉਂ ਜੋ ਉਹ ਰੱਜਾਏ ਜਾਣਗੇ।* (ਸਮਝੇ? ਉੂੰ-ਹੂੰ।)

243 ਅਤੇ ਉਸਨੇ ਆਪਣੀ ਰੂਪਾਂਤਰਣ ਦੀ ਸ਼ਕਤੀ ਭੇਜੀ ਹੈ, ਤੁਹਾਨੂੰ ਧਰਮ ਦੇ ਇਸ ਵਿਗਾੜ ਤੋਂ ਬਾਹਰ ਲਿਆਉਣ ਲਈ ਜਿਸ ਵਿੱਚ ਤੁਸੀਂ ਹੋ। ਇਸ ਵਿਗਾੜ ਦੀ ਹਨੇਰਗਰਦੀ ਜਿਸ ਵਿੱਚ ਅਸੀਂ ਹਾਂ, ਪਰਮੇਸ਼ੁਰ ਨੇ ਆਪਣੀ ਰੂਪਾਂਤਰਣ ਦੀ ਸ਼ਕਤੀ, ਉਸਦਾ ਵਚਨ ਭੇਜਿਆ ਹੈ, ਜੋ ਪ੍ਰਮਾਣਿਤ, ਸਾਬਤ ਕੀਤਾ ਗਿਆ ਹੈ, ਤੁਹਾਨੂੰ ਅਗਿਆਨਤਾ ਦੇ ਇਸ ਧਾਰਮਿਕ ਵਿਗਾੜ ਤੋਂ ਬਾਹਰ ਲਿਆਉਣ ਲਈ ਜਿਸ ਵਿੱਚ ਤੁਸੀਂ ਚੱਲ ਰਹੇ ਹੋ, "ਨੰਗੇ, ਅੰਨ੍ਹੇ, ਮੰਦਭਾਗੇ ਹੋ, ਅਤੇ ਇਹ ਜਾਣਦੇ ਵੀ ਨਹੀਂ।" ਇਸ ਬਾਰੇ ਸੋਚੋ, ਦੋਸਤੋ।

244 ਤੁਸੀਂ ਜਾਣਦੇ ਹੋ, ਪਰਮੇਸ਼ੁਰ ਨੇ ਆਪਣੇ ਵਚਨ ਨੂੰ ਪੂਰਾ ਕਰਨ ਲਈ ਆਪਣੀ ਰੂਪਾਂਤਰਣ ਦੀ ਸ਼ਕਤੀ ਭੇਜੀ, ਅਤੇ ਸਾਰਾਹ ਅਤੇ ਅਬਰਾਹਾਮ ਦੇ ਸਾਰੇ ਸਰੀਰ ਨੂੰ ਬਦਲ ਦਿੱਤਾ। ਇੱਕ ਬੁੱਢੇ ਆਦਮੀ ਅਤੇ ਇੱਕ ਬੁੱਢੀ ਔਰਤ ਨੂੰ ਬਦਲ ਦਿੱਤਾ, ਕਿਉਂਕਿ ਉਸਨੇ ਵਾਅਦਾ ਕੀਤਾ ਸੀ ਕਿ ਉਹ ਇਹ ਕਰੇਗਾ।

245 ਅਤੇ ਪਰਮੇਸ਼ੁਰ ਜੋ ਕਰਨ ਦਾ ਵਾਅਦਾ ਕਰਦਾ ਹੈ, ਉਹ ਕਰੇਗਾ। ਕੁਝ ਵੀ ਨਹੀਂ, ਕੁਝ ਵੀ...ਕਿਸੇ ਵੀ ਦੂਸ਼ਿਤ ਚੀਜ਼, ਪਰਮੇਸ਼ੁਰ ਇਸ ਨਾਲ ਕੁਝ ਨਹੀਂ ਕਰ ਸਕਦਾ। ਪਰ ਉਹ ਆਪਣੇ ਵਚਨ ਨੂੰ ਪੂਰਾ ਕਰੇਗਾ, ਅਤੇ ਉਹ ਆਪਣੀ ਆਤਮਾ ਭੇਜੇਗਾ! "ਮੈਂ ਯਹੋਵਾਹ ਨੇ ਉਸ ਨੂੰ ਬੀਜਿਆ ਹੈ। ਮੈਂ ਉਸ ਨੂੰ ਦਿਨ ਰਾਤ ਸਿੰਜਦਾ ਰਹਾਂਗਾ, ਮਤੇ ਕੋਈ ਉਸ ਨੂੰ ਮੇਰੇ ਹੱਥੋਂ ਖੋਹ ਲਵੇ।" ਇਹ ਬਾਈਬਲ ਕਹਿੰਦੀ ਹੈ।

246 ਔਹ, ਭਟਕਦੇ ਹੋਏ ਤਾਰਿਓ, ਤੁਸੀਂ ਜਿਨ੍ਹਾਂ ਦੇ ਮਨ ਅੰਦਰ ਇੱਛਾ ਹੈ! ਤੁਹਾਡੇ ਕੋਲ ਇਹ ਹੋਣੀ ਹੀ ਚਾਹੀਦੀ ਹੈ, ਨਹੀਂ ਤਾਂ ਅੱਜ ਸਵੇਰੇ ਤੁਸੀਂ ਇੱਥੇ ਨਹੀਂ ਬੈਠੇ ਹੁੰਦੇ। ਅਤੇ ਤੁਸੀਂ ਉਨ੍ਹਾਂ ਗਿਰਜਿਆਂ ਅਤੇ ਭਵਨਾਂ ਵਿੱਚ ਨਾ ਹੁੰਦੇ, ਅਤੇ ਜਿਹੜੀਆਂ ਚੀਜ਼ਾਂ ਅੰਦਰ ਤੁਸੀਂ ਹੋ, ਬਾਹਰ ਅਤੇ ਪੂਰੇ ਦੇਸ਼ ਭਰ ਵਿੱਚ, ਜੇ ਕੋਈ ਚੀਜ਼ ਤੁਹਾਨੂੰ ਉੱਥੇ ਨਾ ਲਿਆਉਂਦੀ। ਕਿਸੇ ਵਿਅਕਤੀ ਨੇ ਤੁਹਾਡੇ ਨਾਲ ਗੱਲ ਕੀਤੀ। ਹੋਰ ਅੱਗੇ ਨਾ ਜਾਓ। ਵਚਨ ਦੁਆਰਾ ਜਲ ਨਾਲ ਧੋਤਾ ਜਾਣਾ ਹੈ, ਜੋ ਤੁਹਾਨੂੰ ਬਰਫ਼ ਵਾਂਗ ਚਿੱਟਾ ਕਰ ਦੇਵੇਗਾ। ਔਹ, ਪਰਮੇਸ਼ੁਰ ਦੇ ਪੁੱਤਰੋ, ਸੁਣੋ! ਉਸ ਵਿਗਾੜ ਵਿੱਚ ਨਾ ਰਹੋ। ਇਸ ਵਿੱਚੋਂ ਬਾਹਰ ਆਓ। ਅਬਰਾਹਾਮ ਨੇ ਪਰਮੇਸ਼ੁਰ ਵਿੱਚ ਵਿਸ਼ਵਾਸ ਕੀਤਾ, ਅਤੇ ਜੋ ਕੁਝ ਵੀ ਇਸ ਦੇ ਉਲਟ ਸੀ...

247 ਤੁਸੀਂ ਕਹਿੰਦੇ ਹੋ, "ਮੈਂ ਆਪਣਾ ਗੁਜ਼ਾਰਾ ਕਿਵੇਂ ਕਰਾਂਗਾ? ਮੈਂ *ਇਹ* ਕਿਵੇਂ ਕਰਾਂਗਾ?" ਇਹ ਪਰਮੇਸ਼ੁਰ ਦਾ ਕੰਮ ਹੈ। "ਮੈਂ ਕਿਵੇਂ ਕਰਾਂਗਾ? ਮੇਰੇ ਸਾਥੀ ਮੈਨੂੰ ਠੁਕਰਾ ਦੇਣਗੇ।"

248 ਪਰਮੇਸ਼ੁਰ ਨੇ ਕਿਹਾ, "ਉਹ ਜੋ ਆਪਣੇ ਪਿਤਾ, ਮਾਤਾ, ਪਤਨੀ, ਪਤੀ, ਪਰਿਵਾਰ, ਘਰ ਨੂੰ ਤਿਆਗ ਦੇਵੇਗਾ; ਮੈਂ ਉਨ੍ਹਾਂ ਨੂੰ ਘਰ ਅਤੇ ਪਰਿਵਾਰ ਦਿਆਂਗਾ, ਮੈਂ ਉਨ੍ਹਾਂ ਨੂੰ ਪਿਤਾ ਅਤੇ ਮਾਤਾਵਾਂ, ਅਤੇ ਭਰਾ ਅਤੇ ਭੈਣਾਂ ਦੇਵਾਂਗਾ, ਇਸ ਸੰਸਾਰ ਵਿੱਚ, ਅਤੇ ਉਸ ਅਨੰਤ ਜੀਵਨ ਵਿੱਚ ਜੋ ਇਸ ਜਗਤ ਵਿੱਚ ਆਉਣ ਵਾਲਾ ਹੈ।" ਇਹ ਇੱਕ ਵਾਅਦਾ ਹੈ, ਦੋਸਤ। ਉਹ, ਔਹ, ਇਸ ਨੂੰ ਸਿੰਜਿਆ ਜਾਣਾ ਚਾਹੀਦਾ ਹੈ! ਹਰੇਕ ਵਾਅਦਾ ਜੋ ਪਰਮੇਸ਼ੁਰ ਕਰਦਾ ਹੈ ਉਹ ਪੂਰਾ ਹੁੰਦਾ ਹੈ। ਪਰਮੇਸ਼ੁਰ ਦਾ ਹਰ ਬੀਜ ਇੱਕ ਵਾਅਦਾ ਹੈ।

249 ਅਤੇ, ਭੈਣ, ਉਨ੍ਹਾਂ ਵਾਲਾਂ ਦੇ ਪੱਟੇ ਬਣਾਉਣੇ ਬੰਦ ਕਰੋ, ਕਿਉਂਕਿ ਇਹ ਪਰਮੇਸ਼ੁਰ ਦੇ ਸਾਹਮਣੇ ਇੱਕ ਅਸਧਾਰਨ ਚੀਜ਼ ਹੈ। ਉਹਨਾਂ ਕੱਪੜਿਆਂ ਨੂੰ ਪਾਉਣਾ ਛੱਡ ਦਿਓ, ਇਹ ਉਸ ਲਈ ਘਿਣਾਉਣੀ ਗੱਲ ਹੈ!

250 ਤੁਸੀਂ ਭਰਾਵੋ, ਪੁਰਖੋ, ਇਹਨਾਂ ਨਾਮਧਾਰੀ ਜਥੇਬੰਦੀਆਂ ਦੀ ਆਓ ਭਗਤ ਬੰਦ ਕਰੋ, ਕੰਮ ਕਰਨ ਵਿੱਚ, ਅਤੇ ਆਪਣੀਆਂ ਪਤਨੀਆਂ ਨੂੰ ਅਜਿਹੇ ਕੰਮ ਕਰਨ ਦਿੰਦੇ ਹੋ। ਇਹ ਗੱਲ ਮਸੀਹੀਆਂ ਨੂੰ ਨਹੀਂ ਜਚਦੀ।

251 ਵਚਨ ਕੋਲ ਵਾਪਸ ਆਓ! ਉਸ ਵਚਨ ਨੂੰ ਲਓ, ਇਹ ਵਧੇਗਾ। ਇਸ ਨੇ ਵਧਣਾ ਹੀ ਹੈ। ਪਰਮੇਸ਼ੁਰ ਦੀ ਰੂਪਾਂਤਰਣ ਦੀ ਸ਼ਕਤੀ ਜੋ ਇਸਨੂੰ ਪਹਿਲੀ ਥਾਂ ਤੇ ਲੈ ਕੇ ਆਈ, ਉਹ ਹੁਣ ਆਪਣੇ ਰਾਹ ਵਿੱਚ ਹੈ, ਇਸਨੂੰ ਹੁਣ ਵਾਪਸ ਲੈ ਕੇ ਜਾ ਰਹੀ ਹੈ। ਉਹ ਉਸੇ ਥਾਂ ਵਾਪਸ ਜਾ ਰਹੀ ਹੈ ਜਿੱਥੇ ਇਹ ਸੀ।

252 ਹਨੋਕ ਨੂੰ ਬਦਲ ਦਿੱਤਾ ਗਿਆ, ਮੌਤ ਤੋਂ, ਪਰਮੇਸ਼ੁਰ ਦੀ ਰੂਪਾਂਤਰਣ ਦੀ ਸ਼ਕਤੀ ਦੁਆਰਾ। ਪਰਮੇਸ਼ੁਰ ਨੇ ਇਹ ਕਿਸ ਲਈ ਕੀਤਾ? ਇੱਕ ਉਠਾਏ ਜਾਣ

ਵਾਲੀ ਕਲੀਸਿਯਾ ਦੇ ਨਮੂਨੇ ਲਈ ਜੋ ਆ ਰਹੀ ਹੈ। ਹਾਂ। ਏਲੀਯਾਹ ਵੀ ਉਸੇ ਤਰ੍ਹਾਂ ਸੀ।

253 ਯਿਸੂ ਦੀ ਦੇਹ ਨੂੰ ਮਰਨ ਤੋਂ ਬਾਅਦ ਜੀਉਂਦਾ ਕੀਤਾ ਗਿਆ ਸੀ। ਅਤੇ ਕਬਰ ਵਿੱਚ, ਯਿਸੂ ਦੇ ਸਰੀਰ ਨੂੰ ਪਰਮੇਸ਼ੁਰ ਦੇ ਵਚਨ ਦੁਆਰਾ ਜਿਉਂਦਾ ਕੀਤਾ ਗਿਆ ਸੀ; ਅਤੇ, ਇੱਕ ਮਰੇ ਹੋਏ, ਠੰਡੇ ਸਰੂਪ ਤੋਂ, ਇੱਕ ਪੁਨਰ-ਉਥਿਤ, ਪਰਮੇਸ਼ੁਰ ਦੇ ਮਹਿਮਾਮਈ ਪੁੱਤਰ ਵਿੱਚ ਬਦਲ ਦਿੱਤਾ ਗਿਆ ਸੀ। ਕਿਉਂਕਿ ਨਬੀ ਨੇ, ਜ਼ਬੂਰ 16:10 ਵਿੱਚ, ਜੇ ਤੁਸੀਂ ਇਸਨੂੰ ਲਿਖਣਾ ਚਾਹੁੰਦੇ ਹੋ ਤਾਂ, 16:10, ਕਿਹਾ, "ਮੈਂ ਉਸਦੇ ਪ੍ਰਾਣ ਨੂੰ ਪਤਾਲ ਵਿੱਚ ਨਹੀਂ ਛੱਡਾਂਗਾ, ਨਾ ਹੀ ਮੈਂ ਆਪਣੇ ਪਵਿੱਤਰ ਪੁਰਖ ਨੂੰ ਸੜਨ ਦਿਆਂਗਾ।" ਹੇ ਪਰਮੇਸ਼ੁਰ!

254 ਉਹ ਵਚਨ ਪੂਰਾ ਹੋਣਾ ਹੀ ਹੈ, ਇਹ ਪਰਮੇਸ਼ੁਰ ਦਾ ਵਚਨ ਹੈ! ਜੇਕਰ ਤੁਸੀਂ ਉਠਾਏ ਜਾਣਾ ਚਾਹੁੰਦੇ ਹੋ, ਤਾਂ ਇਸ ਨੂੰ ਆਪਣੇ ਦਿਲ ਵਿੱਚ ਪੱਕਾ ਕਰ ਲਓ। ਜੇ ਤੁਸੀਂ ਸੱਚੇ ਮਸੀਹੀ ਬਣਨਾ ਚਾਹੁੰਦੇ ਹੋ, ਤਾਂ ਇਸ ਵਚਨ ਨੂੰ ਰੱਖੋ। ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਹਿਜ਼ਕੀਏਲ ਸੀ, ਪਰਮੇਸ਼ੁਰ ਨੇ ਕਿਹਾ, "ਉਸ ਇਸ ਲਪੇਟਵੀਂ-ਪੱਤ੍ਰੀ ਨੂੰ ਚੁੱਕ ਅਤੇ ਖਾ ਲੈ," ਤਾਂ ਜੋ ਨਬੀ ਅਤੇ ਵਚਨ ਇੱਕੋ ਬਣ ਜਾਣ। ਅਤੇ ਉੱਥੇ ਹਰ ਵਾਅਦਾ ਆਪਣੇ ਆਪ ਨੂੰ ਪ੍ਰਗਟ ਕਰੇ, ਕਿਉਂਕਿ ਇਹ ਪਰਮੇਸ਼ੁਰ ਦਾ ਮੂਲ ਬੀਜ ਹੈ। ਤੁਸੀਂ ਕਿਸੇ ਪੜ੍ਹੇ-ਲਿਖੇ ਧਰਮ ਗਿਆਨੀ ਨੂੰ ਇਸ ਨੂੰ ਤੁਹਾਡੇ ਵਿੱਚੋਂ ਬਾਹਰ ਕੱਢਣ ਦੀ ਕੋਸ਼ਿਸ਼ ਨਾ ਕਰਨ ਦਿਓ। ਤੁਸੀਂ ਉਸਨੂੰ ਉਸ ਸਰੀਰਕ ਵਿਗਿਆਨ ਅਤੇ ਗਿਆਨ, ਅਤੇ ਸਿੱਖਿਆ ਦੇ ਨਾਲ ਤੁਹਾਡੇ ਤੇ ਛਿੜਕਾਅ ਨਾ ਕਰਨ ਦਿਓ। ਪਰਮੇਸ਼ੁਰ ਤੇ ਨਿਹਚਾ ਕਰੋ!

255 ਅਬਰਾਹਾਮ ਨੇ ਆਪਣੇ ਜ਼ਮਾਨੇ ਦੀ ਵਿਗਿਆਨਕ ਖੋਜ ਨੂੰ ਨਹੀਂ ਲਿਆ, ਇਹ ਨਹੀਂ ਕਿਹਾ, "ਮੈਂ ਬੱਚਾ ਪੈਦਾ ਕਰਨ ਲਈ ਬਹੁਤ ਬੁੱਢਾ ਹਾਂ, ਮੈਂ ਬਹੁਤ ਦੂਰ ਚਲਾ ਗਿਆ ਹਾਂ। ਮੈਂ *ਇਹ*, *ਉਹ*, ਜਾਂ *ਕੁਝ ਹੋਰ* ਕੀਤਾ ਹੈ।" ਪਰ ਉਸਨੇ ਕਿਸੇ ਵੀ ਚੀਜ਼ ਨੂੰ ਜੋ ਪਰਮੇਸ਼ੁਰ ਦੇ ਬਚਨ ਦੇ ਉਲਟ ਸੀ, ਇੰਝ ਜਾਣਿਆ ਜਿਵੇਂ ਉਹ ਹੈ ਹੀ ਨਹੀਂ। ਅਤੇ ਉਹ ਅਵਿਸ਼ਵਾਸ ਕਰਕੇ, ਪਰਮੇਸ਼ੁਰ ਦੇ ਵਾਅਦੇ ਤੇ ਡਗਮਗਾਇਆ ਨਹੀਂ; ਪਰ ਮਜਬੂਤ ਸੀ, ਪਰਮੇਸ਼ੁਰ ਦੀ ਉਸਤਤਿ ਕਰਦਾ ਸੀ। ਉਹ ਜਾਣਦਾ ਸੀ ਕਿ ਪਰਮੇਸ਼ੁਰ ਉਹ ਕੰਮ ਕਰਨ ਦੇ ਯੋਗ ਸੀ ਜਿਸਦਾ ਉਸਨੇ ਵਾਅਦਾ ਕੀਤਾ ਸੀ।

256 ਔਹ, ਭਟਕਦੇ ਹੋਏ ਪੁੱਤਰੋ, ਜਿਨ੍ਹਾਂ ਨੂੰ ਇਸ ਧਰਤੀ ਦੀਆਂ ਜੰਗਲੀ ਵੇਲਾਂ ਨੇ ਵਿਗਾੜ ਦਿੱਤਾ ਹੈ! ਭਟਕਦੀਆਂ ਹੋਈਆਂ ਭੈਣੋ, ਇਸ ਸੰਸਾਰ ਦੀਆਂ ਥਾਵਾਂ ਅਤੇ ਫੈਸ਼ਨਾਂ ਨੇ ਤੁਹਾਨੂੰ ਮੋਹ ਲਿਆ ਹੈ! ਅਤੇ, ਪਿਆਰੀ ਭੈਣ, ਤੁਸੀਂ ਮੈਨੂੰ ਇੱਕ ਪੁਰਾਣਾ ਸਨਕੀ ਸਮਝ ਸਕਦੀਆਂ ਹੋ, ਪਰ ਇਹਨਾਂ ਦਿਨਾਂ ਵਿੱਚੋਂ ਇੱਕ ਦਿਨ

ਜਦੋਂ ਤੁਹਾਡੀ ਉਸ ਨਾਲ ਮੁਲਾਕਾਤ ਹੋਵੇਗੀ ਜਿਸ ਨਾਲ ਉਸ ਰਾਤ ਫਲੋਰੈਂਸ ਸ਼ਕੇਰੀਅਨ ਦੀ ਹੋਈ ਸੀ; ਉਹ ਵੀ, ਇਸ ਕਮਰੇ ਵਿੱਚ ਵੀ, ਬੈਠਦੀ ਸੀ, ਇਸ ਜਗ੍ਹਾ ਵਿੱਚ, ਜਿਵੇਂ ਕਿ ਤੁਸੀਂ ਜਾਣਦੇ ਹੋ। ਜਦੋਂ ਤੁਸੀਂ ਇਸ ਨੂੰ ਮਿਲੋਗੇ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਮੈਂ ਨਹੀਂ, ਪਰ ਇਹ ਵਚਨ ਸਹੀ ਹੈ। ਉਨ੍ਹਾਂ ਨਾਈ ਦੀਆਂ ਦੁਕਾਨਾਂ, ਉਨ੍ਹਾਂ ਫੈਸ਼ਨ ਦੀਆਂ ਦੁਕਾਨਾਂ ਤੋਂ ਦੂਰ ਰਹੋ। ਇਨ੍ਹਾਂ ਚੀਜ਼ਾਂ ਤੋਂ ਦੂਰ ਰਹੋ।

257 ਕਹਿੰਦੇ ਹਨ, "ਤੁਸੀਂ ਉਨ੍ਹਾਂ ਨੂੰ ਮਹਾਨ ਚੀਜ਼ਾਂ ਕਿਉਂ ਨਹੀਂ ਸਿਖਾਉਂਦੇ, *ਇਹ* ਕਿਵੇਂ ਬਣਨਾ ਹੈ?" ਬਸ ਆਪਣੇ ਊੜੇ ਐੜੇ ਈੜੀ ਦੇ ਨਾਲ ਸ਼ੁਰੂ ਕਰੋ, ਅਤੇ ਫਿਰ ਅਸੀਂ ਬੀਜ ਗਣਿਤ ਤੇ ਆਵਾਂਗੇ। ਸਮਝੇ? ਬੱਸ ਸਿੱਖਣਾ ਸ਼ੁਰੂ ਕਰੋ, "ਜੋ ਤੁਹਾਡੀ ਵਾਜਬ ਸੇਵਾ ਹੈ।"

> *ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ, ਕਿ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ, ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਵਾਜਬ ਸੇਵਾ ਹੈ।*

258 ਤੁਸੀਂ ਬੱਸ "ਆਪਣੀ ਵਾਜਬ ਸੇਵਾ" ਕਰੋ, ਬਾਕੀ ਪਰਮੇਸ਼ੁਰ ਸੰਭਾਲ ਲਵੇਗਾ; ਦੇਖੋ, ਬਸ ਉਨ੍ਹਾਂ ਚੀਜਾਂ ਨੂੰ ਚੁਣ ਲਵੋ ਜੋ ਕਰਨੀਆਂ ਯੋਗ ਹਨ ਅਤੇ ਉਹ ਕਰੋ। ਕੀ ਇਹ ਨਹੀਂ ਹੈ...ਕੀ ਇੱਕ ਔਰਤ ਲਈ ਗੈਰਵਾਜਬ ਗੱਲ ਨਹੀਂ ਹੈ ਕਿ ਉਹ ਆਪਣੇ ਆਪ ਨੂੰ ਨੰਗੀ ਕਰੇ, ਅਤੇ ਬਾਹਰ ਜਾ ਕੇ ਅਜਿਹੇ ਕੰਮ ਕਰੇ, ਜਦਕਿ ਬਾਈਬਲ ਇਸ ਦੀ ਨਿੰਦਾ ਕਰਦੀ ਹੈ? ਕੀ ਇੱਕ ਆਦਮੀ ਲਈ ਇਹ ਗੈਰਵਾਜਬ ਨਹੀਂ ਹੈ ਕਿ ਉਹ ਆਪਣੇ ਆਪ ਨੂੰ ਅਜਿਹੇ ਸਿਧਾਂਤ ਵਿੱਚ ਸੁੱਟੇ ਜਿਵੇਂ ਕਿ ਅੱਜ ਸਾਡੇ ਕੋਲ ਹੈ, ਅਤੇ ਇਹ ਸਭ ਕੁਝ ਜੋ ਇੱਥੇ ਹੈ, ਅਤੇ ਇਹ ਸਾਰੀਆਂ ਧਾਰਮਿਕ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ, ਜਦਕਿ ਇਹ ਪਰਮੇਸ਼ੁਰ ਦੇ ਵਚਨ ਦੇ ਬਿਲਕੁਲ ਉਲਟ ਹਨ? ਸਮਝੇ?

259 ਯਸਾਯਾਹ ਦੇ ਬੁੱਲ੍ਹ, ਉਹ ਬਸ ਭ੍ਰਿਸ਼ਟ ਬੁੱਲ੍ਹਾਂ ਵਾਲਾ ਇੱਕ ਆਮ ਆਦਮੀ ਸੀ। ਉਸ ਨੇ ਕਿਹਾ, "ਯਹੋਵਾਹ, ਮੈਂ ਭ੍ਰਿਸ਼ਟ ਲੋਕਾਂ ਵਿੱਚ ਵੱਸਦਾ ਹਾਂ, ਅਤੇ ਮੇਰੇ ਬੁੱਲ ਭ੍ਰਿਸ਼ਟ ਹਨ। ਹਾਏ ਮੇਰੇ ਉੱਤੇ ਕਿਉਂਕਿ ਮੈਂ ਪਰਮੇਸ਼ੁਰ ਨੂੰ ਦੇਖਿਆ ਹੈ।" ਅਤੇ ਇੱਕ ਦੂਤ ਹੇਠਾਂ ਆਇਆ, ਪਰਮੇਸ਼ੁਰ ਦੀ ਜਗਵੇਦੀ ਤੋਂ ਅੱਗ, ਪਵਿੱਤਰ ਅੱਗ ਲਈ, ਅਤੇ ਉਸਦੇ ਬੁੱਲ੍ਹਾਂ ਨੂੰ ਬਦਲ ਦਿੱਤਾ; ਇੱਕ ਭਟਕਦੇ ਹੋਏ ਮਨੁੱਖ ਦੇ ਬੁੱਲ੍ਹਾਂ ਤੋਂ, ਇੱਕ ਨਬੀ ਦੇ ਬੁੱਲ੍ਹਾਂ ਵਿੱਚ, ਇੱਕ ਨਬੀ ਜਿਸ ਕੋਲ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲਾ ਵਚਨ ਸੀ। ਪਰਮੇਸ਼ੁਰ ਦੀ ਰੂਪਾਂਤਰਣ ਦੀ ਸ਼ਕਤੀ!

260 ਇੱਕ ਸੌ ਅਤੇ ਵੀਹ ਮਛੇਰੇ, ਅਤੇ—ਅਤੇ ਔਰਤਾਂ ਦੇ, ਬੈਂਗਣੀ ਕੱਪੜੇ

ਵੇਚਣ ਵਾਲੇ, ਅਤੇ ਉਹ ਇੱਕ ਚੁਬਾਰੇ ਵਿੱਚ ਇਕੱਠੇ ਹੋਏ ਅਤੇ ਦਰਵਾਜ਼ੇ ਬੰਦ ਕਰ ਦਿੱਤੇ, ਉਨ੍ਹਾਂ ਵਿੱਚੋਂ ਕੁਝ ਇੰਨੇ ਕੁ ਵੀ ਨਹੀਂ ਪੜ੍ਹੇ ਹੋਏ ਸਨ ਕਿ ਆਪਣੇ ਨਾਮ ਦੇ ਦਸਤਖਤ ਕਰ ਸਕਣ। ਪਰਮੇਸ਼ੁਰ ਨੇ ਉਨ੍ਹਾਂ ਨੂੰ ਮਛੇਰਿਆਂ ਤੋਂ, ਮਨੁੱਖਾਂ ਦੇ ਮਛੇਰਿਆਂ ਵਿੱਚ ਬਦਲ ਦਿੱਤਾ; ਗਲੀਆਂ ਦੇ ਮਰਦਾਂ ਅਤੇ ਔਰਤਾਂ ਤੋਂ, ਪਰਮੇਸ਼ੁਰ ਦੇ ਸੰਤਾਂ ਵਿੱਚ, ਅਮਰ। ਪਰਮੇਸ਼ੁਰ ਦੀ ਰੂਪਾਂਤਰਣ ਦੀ ਸ਼ਕਤੀ!

261 ਪੌਲੁਸ, ਇੱਕ ਸਥਾਨਕ ਕਲੀਸਿਯਾ ਦਾ ਮੈਂਬਰ, ਪ੍ਰੈਸਬੀਟੇਰੀਅਨ, ਮੈਥੋਡਿਸਟ, ਬੈਪਟਿਸਟ, ਪੈਂਟੇਕੋਸਟਲ, ਜਾਂ ਕੁਝ ਸੀ; ਉਹ ਗਲੀ ਵਿੱਚ ਗਿਆ, ਉਸਦੇ ਅੰਦਰ ਉਸਦੀ ਵੱਡੀ ਇਨਕਾਰੀ ਆਤਮਾ ਨੂੰ ਲੈ ਕੇ, ਕਿ ਉਹ ਉਹਨਾਂ ਵਿੱਚੋਂ ਕਿਸੇ ਨਾਲੋਂ ਵੀ ਵੱਧ ਜਾਣਦਾ ਸੀ। ਉਹ ਗਮਲੀਏਲ ਦੇ ਹੇਠ ਪਲਿਆ ਸੀ, ਜੋ ਉਸ ਦੇਸ਼ ਦੇ ਉੱਤਮ ਗੁਰੂਆਂ ਵਿੱਚੋਂ ਇੱਕ ਸੀ। ਦਮਿਸ਼ਕ ਦੇ ਰਾਹ ਤੇ ਕੀ ਹੋਇਆ, ਜਦ ਉਹ ਪਰਮੇਸ਼ੁਰ ਦੇ ਵਚਨ ਨੂੰ ਮੰਨਣ ਵਾਲੇ ਕੁਝ ਲੋਕਾਂ ਦੇ ਝੁੰਡ ਨੂੰ ਫੜਨ ਜਾ ਰਿਹਾ ਸੀ? ਉਸ ਰਾਹ ਦੇ ਵਿੱਚ, ਉਸ ਨੂੰ ਹੇਠਾਂ ਡੇਗ ਦਿੱਤਾ ਗਿਆ, ਅਤੇ ਉਸਨੇ ਇੱਕ ਸੰਦੇਸ਼ ਸੁਣਿਆ। ਅਤੇ ਇਸਨੇ ਉਸਨੂੰ ਇੱਕ ਕਲੀਸਿਯਾ ਦੇ ਮੈਂਬਰ ਅਤੇ ਇੱਕ ਕਲੀਸਿਯਾ ਵਿੱਚ ਜਾਣ ਵਾਲੇ ਤੋਂ ਬਦਲ ਕੇ; ਇੱਕ ਪਰਮੇਸ਼ੁਰ ਦਾ ਨਬੀ ਬਣਾ ਦਿੱਤਾ, ਜਿਸਨੇ ਨਵੇਂ ਨੇਮ ਵਿੱਚ, ਪਰਮੇਸ਼ੁਰ ਦਾ ਵਚਨ ਲਿਖਿਆ ਸੀ। ਇੱਕ ਕਲੀਸਿਯਾ ਦੇ ਮੈਂਬਰ ਤੋਂ ਇੱਕ ਸੰਤ ਵਿੱਚ!

262 ਔਹ, ਭਟਕਦੇ ਹੋਏ ਤਾਰੇ, ਰੁੱਕ ਜਾਓ। ਭਟਕਦੇ ਹੋਏ ਪੁੱਤਰ, ਭਟਕਦੇ ਹੋਏ ਬੀਜ ਜੋ ਥਾਂ-ਥਾਂ ਜਾ ਰਿਹਾ ਹੈ, ਇਸ ਵਿਗਾੜ ਵਿੱਚ; ਬੱਚੇ, ਅੱਜ ਸਵੇਰੇ, ਮੁੜ ਆਓ। ਕਿਰਪਾ ਕਰਕੇ ਮੈਨੂੰ ਇੱਕ—ਇੱਕ ਅਜਿਹਾ ਆਦਮੀ ਜਾਣ ਕੇ ਸੁਣੋ ਜੋ ਜੀਵਿਤ ਅਤੇ ਮਰੇ ਹੋਏ ਵਿਚਕਾਰ ਖਲੋਣ ਦੀ ਕੋਸ਼ਿਸ਼ ਕਰ ਰਿਹਾ ਹੈ।

263 ਸਾਰੀ ਧਰਤੀ ਉੱਤੇ ਜਿੱਥੇ ਇਹ ਪ੍ਰਸਾਰਣ ਜਾ ਰਿਹਾ ਹੈ ਜੇਕਰ ਤੁਸੀਂ ਅਜੇ ਵੀ ਜੁੜੇ ਹੋਏ ਹੋ, ਤੁਸੀਂ ਉਸ ਥਾਂ ਤੇ ਭਟਕ ਗਏ ਹੋ, ਕਿਰਪਾ ਕਰਕੇ ਇੱਕ ਮਿੰਟ ਹੋਰ ਬੈਠੋ। ਮੈਨੂੰ ਪਤਾ ਹੈ ਕਿ ਇੱਥੇ ਟਯੂਸਾਨ ਵਿੱਚ ਦੇਰ ਹੋ ਗਈ ਹੈ ਜਾਂ, ਤੁਸੀਂ ਮੈਨੂੰ ਮਾਫ਼ ਕਰ ਦਿਓ, ਫੀਨਿਕਸ, ਬਾਰਾਂ ਵੱਜਣ ਵਿੱਚ ਵੀਹ ਮਿੰਟ ਹਨ। ਅਤੇ ਸਵੇਰ ਤੋਂ ਇਹ ਲੋਕ ਮੇਰੇ ਨਾਲ ਹਨ। ਮੈਂ ਤੁਹਾਨੂੰ ਤੁਹਾਡੇ ਕੰਮ ਅਤੇ ਚੀਜ਼ਾਂ ਤੋਂ ਵੱਖਰਾ ਰੱਖਿਆ ਹੈ। ਪਰ ਦੇਖੋ, ਪਿਆਰੇ ਦੋਸਤ, ਤੁਸੀਂ ਹਮੇਸ਼ਾ ਲਈ ਪਰਮੇਸ਼ੁਰ ਤੋਂ ਦੂਰ ਹੋ ਸਕਦੇ ਹੋ। ਕਿਰਪਾ ਕਰਕੇ ਅੱਜ ਸਵੇਰੇ ਵਾਪਸ ਆ ਜਾਓ। ਕੀ ਤੁਸੀਂ ਨਹੀਂ ਆਓਗੇ? ਝਰਨੇ ਦੇ ਕੋਲ ਥਾਂ ਹੈ।

> ਬਹੁਤ ਪਹਿਲਾਂ ਇੱਕ ਖੁਰਲੀ ਵਿੱਚ, ਮੈਂ ਜਾਣਦਾ ਹਾਂ ਕਿ
> ਇਹ ਅਸਲ ਵਿੱਚ ਅਜਿਹਾ ਹੈ,
> ਇੱਕ ਬਾਲਕ ਜੰਮਿਆ ਜੋ ਮਨੁੱਖਾਂ ਨੂੰ ਉਨ੍ਹਾਂ ਦੇ ਪਾਪ ਤੋਂ

ਬਚਾ ਲਵੇ।
ਯੂਹੰਨਾ ਨੇ ਉਸਨੂੰ ਕੰਢੇ ਤੇ ਦੇਖਿਆ, ਜੋ ਸਦਾ ਲਈ ਲੇਲਾ ਹੈ,
ਔਹ, ਮਸੀਹ, ਜੋ ਕਲਵਰੀ ਤੇ ਸੂਲੀ ਚੜ੍ਹ ਗਿਆ।

ਔਹ, ਮੈਂ ਗਲੀਲ ਤੋਂ ਉਸ ਆਦਮੀ ਨੂੰ, ਗਲੀਲੀ ਨੂੰ ਪਿਆਰ ਕਰਦਾ ਹਾਂ,
ਕਿਉਂਕਿ ਉਸਨੇ ਮੇਰੇ ਲਈ ਬਹੁਤ ਕੁਝ ਕੀਤਾ ਹੈ।
ਉਸਨੇ ਮੇਰੇ ਸਾਰੇ ਪਾਪ ਮਾਫ਼ ਕਰ ਦਿੱਤੇ ਹਨ, ਪਵਿੱਤਰ ਆਤਮਾ ਨੂੰ ਮੇਰੇ ਅੰਦਰ ਪਾਇਆ ਹੈ;
ਔਹ, ਮੈਂ ਪਿਆਰ ਕਰਦਾ ਹਾਂ, ਮੈਂ ਉਸ ਗਲੀਲੀ ਆਦਮੀ ਨੂੰ ਪਿਆਰ ਕਰਦਾ ਹਾਂ।

ਇੱਕ ਦਿਨ ਇੱਕ ਮਸੂਲੀਆ ਮੰਦਰ ਵਿੱਚ ਪ੍ਰਾਰਥਨਾ ਕਰਨ ਗਿਆ,
ਉਹ ਰੋਇਆ, "ਹੇ ਪ੍ਰਭੂ, ਮੇਰੇ ਉੱਤੇ ਦਯਾ ਕਰ!"
ਉਸ ਦੇ ਹਰੇਕ ਪਾਪ ਨੂੰ ਮਾਫ਼ ਕਰ ਦਿੱਤਾ ਗਿਆ, ਅਤੇ ਉਸ ਦੇ ਅੰਦਰ ਇੱਕ ਡੂੰਘੀ ਸ਼ਾਂਤੀ ਪਾਈ ਗਈ;
ਉਸ ਨੇ ਕਿਹਾ, "ਆਓ ਇਸ ਗਲੀਲੀ ਮਨੁੱਖ ਨੂੰ ਵੇਖੋ।" (ਠੀਕ।)

ਲੰਗੜੇ ਤੁਰਨ ਲੱਗੇ, ਗੂੰਗੇ ਬੋਲਣ ਲੱਗ ਪਏ,
ਉਸ ਸਮਰੱਥ ਨੂੰ ਸਮੁੰਦਰ ਉੱਤੇ ਪ੍ਰੇਮ ਨਾਲ ਬੋਲਿਆ ਗਿਆ;
ਅੰਨ੍ਹੇ ਵੇਖਣ ਲੱਗੇ, ਮੈਂ ਜਾਣਦਾ ਹਾਂ ਕਿ ਇਹ ਸਿਰਫ
ਉਸ ਗਲੀਲੀ ਮਨੁੱਖ ਦੀ ਦਯਾ ਸੀ।

264 ਇਸ ਨੂੰ ਅੱਜ ਦੀ ਸੇਵਕਾਈ ਨਾਲ ਮਿਲਾਓ।

ਖੂਹ ਤੇ ਉਸ ਔਰਤ ਨੂੰ, ਉਸਨੇ ਉਸਦੇ ਸਾਰੇ ਪਾਪ ਦੱਸ ਦਿੱਤੇ,
ਕਿ ਉਸ ਸਮੇਂ ਉਸ ਦੇ ਪੰਜ ਪਤੀ ਸਨ।
ਉਸ ਨੂੰ ਹਰੇਕ ਪਾਪ ਤੋਂ ਮਾਫ਼ੀ ਦਿੱਤੀ ਗਈ, ਅਤੇ ਉਸ ਦੇ ਅੰਦਰ ਇੱਕ ਡੂੰਘੀ ਸ਼ਾਂਤੀ ਰੱਖੀ ਗਈ ਸੀ;
ਉਸ ਨੇ ਪੁਕਾਰਿਆ, "ਆਓ ਇਸ ਗਲੀਲੀ ਮਨੁੱਖ ਨੂੰ ਵੇਖੋ!"

265 ਇਸਤ੍ਰੀ, ਉਹ ਉਹੀ ਕੰਮ ਕਰ ਸਕਦਾ ਹੈ। ਉਸਨੇ ਅੱਜ ਸਵੇਰੇ ਤੁਹਾਡੇ ਦਿਲ ਨੂੰ ਪੜ੍ਹ ਲਿਆ ਹੈ। ਆਦਮੀ, ਉਸਨੇ ਤੁਹਾਡੇ ਦਿਲ ਨੂੰ ਪੜ੍ਹ ਲਿਆ ਹੈ। ਹੇ, ਮਸੂਲੀਏ, ਚਲੋ ਪ੍ਰਾਰਥਨਾ ਕਰੀਏ!

ਔਹ, ਮੈਂ ਉਸ ਗਲੀਲੀ ਮਨੁੱਖ ਨੂੰ ਪ੍ਰੇਮ ਕਰਦਾ ਹਾਂ,
ਗਲੀਲੀ ਨੂੰ,
ਕਿਉਂਕਿ ਉਸਨੇ ਮੇਰੇ ਲਈ ਬਹੁਤ ਕੁਝ ਕੀਤਾ ਹੈ।
ਉਸਨੇ ਮੇਰੇ ਸਾਰੇ ਪਾਪ ਮਾਫ਼ ਕਰ ਦਿੱਤੇ ਹਨ, ਪਵਿੱਤਰ
ਆਤਮਾ ਨੂੰ ਮੇਰੇ ਵਿੱਚ ਪਾਇਆ ਹੈ;
ਔਹ, ਮੈਂ ਪ੍ਰੇਮ ਕਰਦਾ ਹਾਂ, ਮੈਂ ਉਸ ਗਲੀਲੀ ਮਨੁੱਖ ਨੂੰ
ਪ੍ਰੇਮ ਕਰਦਾ ਹਾਂ।

266 ਕੀ ਤੁਸੀਂ ਅੱਜ ਸਵੇਰੇ, ਮੇਰੇ ਵਾਂਗ, ਉਸ ਨੂੰ ਪ੍ਰੇਮ ਨਹੀਂ ਕਰੋਗੇ? ਹੇ, ਜਿੱਦੀ, ਭਟਕਦੇ ਹੋਏ ਪਾਪੀ, ਤੁਸੀਂ ਇੱਥੇ ਜਾਂ ਬਾਹਰ ਜਿੱਥੇ ਵੀ ਹੋ, ਕੀ ਤੁਸੀਂ ਅੱਜ ਸਵੇਰੇ ਮੇਰੇ ਪ੍ਰਭੂ ਨੂੰ ਸਵੀਕਾਰ ਕਰੋਗੇ? ਉਹ ਵਚਨ ਹੈ, ਅਤੇ ਵਚਨ ਤੁਹਾਡੇ ਕੋਲ ਲਿਆਂਦਾ ਗਿਆ ਹੈ। ਕੀ ਤੁਸੀਂ ਅੱਜ ਸਵੇਰੇ ਉਸਨੂੰ ਸਵੀਕਾਰ ਨਹੀਂ ਕਰੋਗੇ? ਕੀ ਤੁਸੀਂ ਬਸ ਆਪਣੇ ਹੱਥ ਉਠਾਓਗੇ ਜਾਂ ਆਪਣੇ ਪੈਰਾਂ ਤੇ ਖੜ੍ਹੇ ਹੋਵੋਗੇ, ਜਾਂ ਕੁਝ ਕਰੋਗੇ, ਅਤੇ ਪ੍ਰਾਰਥਨਾ ਕਰੋਗੇ, ਕਹੋ, “ਮੈਂ ਹੁਣੇ ਉਸਨੂੰ ਸਵੀਕਾਰ ਕਰਨਾ ਚਾਹੁੰਦਾ ਹਾਂ। ਭਾਈ, ਮੈਂ ਤਿਆਰ ਹਾਂ। ਮੈਂ ਹੁਣੇ ਉਸਨੂੰ ਸਵੀਕਾਰ ਕਰਨਾ ਚਾਹੁੰਦਾ ਹਾਂ।” ਕੀ ਤੁਸੀਂ ਆਪਣੇ ਪੈਰਾਂ ਤੇ ਖੜ੍ਹੇ ਹੋਵੋਗੇ, ਕੋਈ ਵੀ ਜੋ ਚਾਹੁੰਦਾ ਸੀ ਕਿ ਉਸ ਲਈ ਪ੍ਰਾਰਥਨਾ ਕੀਤੀ ਜਾਵੇ, ਅਤੇ ਕਹੋਗੇ, “ਮੈਂ ਹਾਂ…” ਸਗੋਂ, ਪ੍ਰਾਰਥਨਾ ਕੀਤੀ ਜਾਵੇ, “ਮੈਂ ਇੱਕ ਪਾਪੀ ਹਾਂ। ਮੈਂ ਚਾਹੁੰਦਾ ਹਾਂ…” ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਸ਼੍ਰੀ ਮਾਨ। ਹੋਰ ਕੋਈ? ਹੁਣ ਹਰ ਕੋਈ ਪ੍ਰਾਰਥਨਾ ਕਰੇ, ਬਸ ਇੱਕ ਮਿੰਟ।

ਔਹ, ਉਸ ਖੁਰਲੀ ਵਿੱਚ ਬਹੁਤ ਸਮਾਂ ਪਹਿਲਾਂ, (ਤੁਸੀਂ
ਜਾਣਦੇ ਹੋ, ਇਹ ਸੰਸਾਰ, ਇਹ ਇੱਕ ਗੜਬੜ ਵਿੱਚ
ਸੀ।) ਅਤੇ ਮੈਂ ਜਾਣਦਾ ਹਾਂ ਕਿ ਇਹ ਅਸਲ ਵਿੱਚ
ਅਜਿਹਾ ਹੈ,
ਇੱਕ ਛੋਟਾ ਬਾਲਕ ਜੰਮਿਆ ਜੋ ਮਨੁੱਖਾਂ ਨੂੰ ਉਨ੍ਹਾਂ ਦੇ ਪਾਪ
ਤੋਂ ਬਚਾ ਲਵੇ।
ਜਦੋਂ ਯੂਹੰਨਾ ਨੇ ਉਸਨੂੰ ਕੰਢੇ ਤੇ ਦੇਖਿਆ, ਉਹ ਸਦਾ ਲਈ
ਲੇਲਾ ਸੀ, (ਅੱਜ ਵੀ ਉਹੀ ਹੈ)
ਔਹ, ਉਹ ਮਸੀਹ ਹੈ, ਕਲਵਰੀ ਤੇ ਸੂਲੀ ਚੜ੍ਹ ਗਿਆ।

267 ਕੀ ਤੁਸੀਂ ਅੱਜ ਉਸ ਨੂੰ ਆਪਣੇ ਪੂਰੇ ਦਿਲ ਨਾਲ ਪਿਆਰ ਨਹੀਂ ਕਰੋਗੇ, ਤਾਂ ਜੋ ਤੁਸੀਂ ਇਸ ਸੰਸਾਰਿਕ ਸਥਿਤੀ ਤੋਂ ਬਾਹਰ ਨਿਕਲ ਸਕੋ ਜਿਸ ਵਿੱਚ ਤੁਸੀਂ ਬੈਠੇ ਹੋ? ਤੁਸੀਂ ਔਰਤਾਂ, ਤੁਸੀਂ ਆਦਮੀ, ਔਹ, ਤੁਸੀਂ ਇਹ ਸਾਰਾ ਸਮਾਂ ਇੱਥੇ ਕਿਸ ਲਈ ਬੈਠੇ ਹੋ? ਇਹ ਦਰਸਾਉਂਦਾ ਹੈ ਕਿ ਤੁਹਾਡੇ ਅੰਦਰ ਕੁਝ ਹੈ, ਕੁਝ ਹੈ ਜੋ ਭੁੱਖਾ ਹੈ ਅਤੇ ਪਿਆਸਾ ਹੈ। ਤੁਸੀਂ ਇੱਥੇ ਦੋ ਜਾਂ ਤਿੰਨ ਘੰਟੇ ਨਹੀਂ ਬੈਠਦੇ, ਇਸ ਤਰ੍ਹਾਂ ਇਸ ਇਮਾਰਤ ਵਿੱਚ ਨਾ ਬੈਠਦੇ; ਇੱਥੇ ਕੁਝ ਤਾਂ ਹੈ। ਕੀ ਤੁਸੀਂ ਅੱਜ ਇਸ ਵੱਲ ਧਿਆਨ ਨਹੀਂ ਦਿਓਗੇ? ਫੈਸ਼ਨ ਅਤੇ ਵਿਗਿਆਨ, ਅਤੇ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਨੂੰ, ਹੁਣੇ ਹੀ ਆਪਣੇ ਮਨ ਤੋਂ ਦੂਰ ਕਰ ਦਿਓ, ਪਿਆਰੇ ਭਾਈ ਜਾਂ ਪਿਆਰੀ ਭੈਣ।

ਕਲੀਸਿਯਾਵਾਂ ਇਕਜੁੱਟ ਹੋ ਰਹੀਆਂ ਹਨ, ਮਹਾਨ ਰਾਸ਼ਟਰ ਟੁੱਟ ਰਹੇ ਹਨ, ਇਸਰਾਏਲ ਜਾਗ ਰਿਹਾ ਹੈ,
ਉਹ ਚਿੰਨ੍ਹ ਜਿਨਾਂ ਬਾਰੇ ਨਬੀਆਂ ਨੇ ਭਵਿੱਖਬਾਣੀ ਕੀਤੀ ਸੀ;
ਪਰਾਈਆਂ ਕੌਮਾਂ ਦੇ ਦਿਨ ਗਿਣੇ ਗਏ ਹਨ, ਸੁਹਾਗੇ ਤਿਆਰ ਹਨ;
ਹੇ ਖਿੰਡੇ ਹੋਇਓ, ਆਪਣਿਆਂ ਕੋਲ, ਵਾਪਸ ਆ ਜਾਓ।

ਛੁਟਕਾਰੇ ਦਾ ਦਿਨ ਨੇੜੇ ਹੈ,
ਮਨੁੱਖਾਂ ਦੇ ਦਿਲ ਡਰ ਦੇ ਮਾਰੇ ਨਾਕਾਮ ਹੋ ਰਹੇ ਹਨ;
ਆਤਮਾ ਨਾਲ ਭਰ ਜਾਓ, ਆਪਣੇ ਦੀਵੇ ਛਾਂਟੇ ਹੋਏ ਅਤੇ ਸਾਫ਼ ਕਰੋ,
ਉੱਪਰ ਦੇਖੋ! ਤੁਹਾਡਾ ਛੁਟਕਾਰਾ ਨੇੜੇ ਹੈ।

ਝੂਠੇ ਨਬੀ ਝੂਠ ਬੋਲ ਰਹੇ ਹਨ, ਉਹ ਪਰਮੇਸ਼ੁਰ ਦੇ ਸੱਚ ਦਾ ਇਨਕਾਰ ਕਰ ਰਹੇ ਹਨ,
ਕਿ ਯਿਸੂ ਮਸੀਹ ਸਾਡਾ ਪਰਮੇਸ਼ੁਰ ਹੈ।

268 ਹੁਣ, ਇਹ ਸੱਚ ਹੈ। ਤੁਸੀਂ ਇਹ ਜਾਣਦੇ ਹੋ, ਅਸੀਂ ਸਾਰੇ, ਜਿਸ ਦਿਨ ਵਿੱਚ ਅਸੀਂ ਜੀ ਰਹੇ ਹਾਂ। ਪਰ ਉਸਨੇ ਕਿਹਾ:

ਸ਼ਾਮ ਦੇ ਵੇਲੇ ਉਜਾਲਾ ਹੋਵੇਗਾ,
ਮਹਿਮਾ ਦਾ ਰਸਤਾ ਤੁਹਾਨੂੰ ਜ਼ਰੂਰ ਮਿਲੇਗਾ।

269 ਇਹ ਉਹ ਦਿਨ ਹੈ ਜਿਸ ਵਿੱਚ ਅਸੀਂ ਇਸ ਸਮੇਂ ਰਹਿ ਰਹੇ ਹਾਂ। ਉਜਾਲਾ ਸ਼ਾਮ ਨੂੰ ਚਮਕੇਗਾ ਜਦੋਂ ਹਨੇਰਾ ਹੋ ਰਿਹਾ ਹੈ, ਸੂਰਜ ਡੁੱਬਣ ਦੇ ਵੇਲੇ, ਸ਼ਾਮ ਦਾ ਤਾਰਾ।

ਘੁਸਮੁਸਾ ਅਤੇ ਸ਼ਾਮ ਦਾ ਤਾਰਾ,
ਅਤੇ ਉਸ ਤੋਂ ਬਾਅਦ ਹਨੇਰਾ!
ਵਿਦਾਈ ਤੇ ਕੋਈ ਉਦਾਸ ਨਾ ਹੋਵੇ,
ਜਦੋਂ ਮੈਂ ਆਖਰੀ ਯਾਤਰਾ ਸ਼ੁਰੂ ਕਰਾਂ;

ਕਿਉਂਕਿ ਸਾਰੇ ਸਮੇਂ ਅਤੇ ਸਥਾਨ ਦੇ ਬਿਨਾਂ ਹਨ,
ਅਤੇ ਹੜ੍ਹ ਮੈਨੂੰ ਬਹੁਤ ਦੂਰ ਲੈ ਜਾ ਸਕਦੇ ਹਨ,
ਪਰ ਮੈਂ ਆਪਣੇ ਨੂੰ ਸਾਰਥੀ ਨੂੰ ਆਹਮੋ-ਸਾਹਮਣੇ ਦੇਖਣਾ ਚਾਹੁੰਦਾ ਹਾਂ
ਜਦੋਂ ਮੈਂ ਬੂਹੇ ਨੂੰ ਪਾਰ ਕਰ ਜਾਵਾਂਗਾ।

ਮੈਨੂੰ ਨਾ ਦੱਸੋ, ਦੁੱਖਾਂ ਦੀ ਗਿਣਤੀ,
ਉਹ ਜ਼ਿੰਦਗੀ ਸਿਰਫ਼ ਇੱਕ ਖਾਲੀ ਸੁਪਨਾ ਹੈ!
ਅਤੇ ਪ੍ਰਾਣ ਜੋ ਉਂਘਲਾਉਂਦਾ ਹੈ ਸੋ ਮਰ ਗਿਆ,
ਅਤੇ ਚੀਜ਼ਾਂ ਉਹ ਨਹੀਂ ਹਨ ਜਿਵੇਂ ਉਹ ਦਿਖਾਈ ਦਿੰਦੀਆਂ ਹਨ।

ਹਾਂ, ਜ਼ਿੰਦਗੀ ਅਸਲ ਹੈ! ਅਤੇ ਜ਼ਿੰਦਗੀ ਇੱਕ ਜੋਸ਼ ਹੈ!
ਅਤੇ ਇਸਦਾ ਟੀਚਾ ਕਬਰ ਨਹੀਂ ਹੈ;
ਕਿਉਂਕਿ ਤੂੰ ਮਿੱਟੀ ਹੈਂ, ਮਿੱਟੀ ਵਿੱਚ ਚਲਾ ਜਾਵੇਂਗਾ,
ਇਹ ਗੱਲ ਪ੍ਰਾਣ ਲਈ ਨਹੀਂ ਬੋਲੀ ਗਈ ਸੀ।

ਸਾਰੇ ਮਹਾਪੁਰਖਾਂ ਦੇ ਜੀਵਨ ਸਾਨੂੰ ਯਾਦ ਦਿਵਾਉਂਦੇ ਹਨ
ਅਤੇ ਅਸੀਂ ਆਪਣੀ ਜ਼ਿੰਦਗੀ ਨੂੰ ਸ਼੍ਰੇਸਟ ਬਣਾ ਸਕਦੇ ਹਾਂ,
ਅਤੇ, ਵਿਛੋੜੇ, ਸਾਡੇ ਪਿੱਛੇ ਛੱਡ ਜਾਂਦੇ ਹਨ,
ਸਮੇਂ ਦੀ ਰੇਤ ਉੱਤੇ ਪੈਰਾਂ ਦੇ ਨਿਸ਼ਾਨ;

ਪੈਰਾਂ ਦੇ ਨਿਸ਼ਾਨ, ਜੋ ਸ਼ਾਇਦ ਕੋਈ ਹੋਰ,
ਜ਼ਿੰਦਗੀ ਦੇ ਗੰਭੀਰ ਮੁੱਖ ਉੱਤੇ ਸਫ਼ਰ ਕਰਦੇ ਹੋਏ,
ਇੱਕ ਭਾਈ ਨਿਰਾਸ਼ਾ ਵਿੱਚ ਜਿਸਦੀ ਬੇੜੀ ਡੁੱਬ ਰਹੀ ਹੋਵੇਗੀ,
ਇਨ੍ਹਾਂ ਨੂੰ ਵੇਖ ਕੇ, ਮੁੜ ਦਿਲ ਤਕੜਾ ਕਰੇਗਾ।

ਤਾਂ ਫਿਰ, ਆਓ ਅਸੀਂ ਉੱਠੀਏ, ਅਤੇ ਕੁਝ ਕਰੀਏ,
ਕਿਸੇ ਵੀ ਸੰਘਰਸ਼ ਲਈ ਦਿਲ ਤੋਂ;
ਗੂੰਗੇ, ਪਸ਼ੂਆਂ ਵਰਗੇ ਨਾ ਬਣੋ ਜਿਨਾਂ ਨੂੰ ਹੱਕਿਆ ਜਾਂਦਾ ਹੈ!

## ਸੰਘਰਸ਼ ਵਿੱਚ ਇੱਕ ਨਾਇਕ ਬਣੋ!

270 ਪਿਆਰੇ ਪਰਮੇਸ਼ੁਰ, ਉਹ ਤੁਹਾਡੇ ਹਨ। ਮੈਂ ਦੋ ਆਦਮੀਆਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਦੇਖਿਆ ਹੈ, ਪਿਤਾ। ਮੈਂ ਪ੍ਰਾਰਥਨਾ ਕਰਦਾ ਹਾਂ, ਪਰਮੇਸ਼ੁਰ, ਕਿ ਹੁਣ ਤੁਸੀਂ ਉਨ੍ਹਾਂ ਨੂੰ ਲੈ ਲਵੋਗੇ। ਉਹ ਤੁਹਾਡੇ ਪੁੱਤਰ ਬਣਨਾ ਚਾਹੁੰਦੇ ਹਨ। ਉਹ ਆਪਣੇ ਜੀਵਨ ਦੀ ਅਗਿਆਨਤਾ ਤੋਂ ਜਾਗ ਚੁੱਕੇ ਹਨ ਜਿਸ ਵਿੱਚ ਉਹ ਜਿਉਂਦੇ ਰਹੇ ਸਨ, ਅਤੇ ਹੁਣ ਉਹ ਨਵੇਂ ਸਿਰਿਓਂ, ਨਵੇਂ ਬਣਨਾ ਚਾਹੁੰਦੇ ਹਨ, ਉਸ ਬੀਜ ਉੱਤੇ ਪਵਿੱਤਰ ਆਤਮਾ ਦੇ ਬਪਤਿਸਮੇ ਨਾਲ ਜੋ ਅੱਜ ਉਨ੍ਹਾਂ ਦੇ ਦਿਲਾਂ ਵਿੱਚ ਬੀਜਿਆ ਗਿਆ ਹੈ। ਅਨੰਤ ਪਰਮੇਸ਼ੁਰ, ਸਭ ਚੀਜ਼ਾਂ ਦੇ ਸਿਰਜਣਹਾਰ, ਜਿਸ ਨੇ ਆਪਣਾ ਵਚਨ ਬਣਾਇਆ ਹੈ, ਅਤੇ ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਜਾਣਦੇ ਸੀ ਕਿ ਇਹ ਆਦਮੀ ਅੱਜ ਸਵੇਰੇ ਅਜਿਹਾ ਕਰਨਗੇ। ਮੈਂ ਪ੍ਰਾਰਥਨਾ ਕਰਦਾ ਹਾਂ, ਪ੍ਰਭੂ, ਕਿ ਤੁਸੀਂ ਉਸ ਵਚਨ ਨੂੰ, ਦਿਨ ਅਤੇ ਰਾਤ ਪਾਣੀ ਦਿਓਗੇ, ਅਤੇ ਸ਼ੈਤਾਨ ਨੂੰ ਕਦੇ ਵੀ ਇਸਨੂੰ ਤੁਹਾਡੇ ਹੱਥਾਂ ਤੋਂ ਖੋਹਣ ਨਹੀਂ ਦਿਓਗੇ। ਇਹ ਇੱਕ ਰੁੱਖ ਹੋਵੇ ਜੋ ਕਦੇ, ਪਰਮੇਸ਼ੁਰ ਦੇ ਫਿਰਦੌਸ ਵਿੱਚ ਸੀ, ਜਦੋਂ ਇਹ ਸਭ ਦੁਬਾਰਾ ਵਾਪਸ ਲਿਆਂਦਾ ਜਾ ਰਿਹਾ ਹੈ, ਕਿਉਂਕਿ ਤੁਹਾਡਾ ਵਚਨ ਅਸਫਲ ਨਹੀਂ ਹੋ ਸਕਦਾ, ਇਹ ਦੁਬਾਰਾ ਹੋਵੇਗਾ। ਕਿਉਂਕਿ ਇਹ ਸੰਸਾਰ...

271 ਅਤੇ ਆਉਣ ਵਾਲੀ ਦੁਨੀਆਂ ਵਿੱਚ ਇਸ ਤਰ੍ਹਾਂ ਦੀ ਸਭਿਅਤਾ ਨਹੀਂ ਹੋਵੇਗੀ। ਕੋਈ ਮੋਟਰ ਗੱਡੀਆਂ ਜਾਂ ਕੁਝ ਵੀ ਨਹੀਂ ਹੋਵੇਗਾ ਜੋ ਵਿਗਿਆਨ ਨੇ ਬਣਾਇਆ ਹੈ। ਆਉਣ ਵਾਲੀ ਦੁਨੀਆਂ ਵਿੱਚ ਅਜਿਹੀ ਕੋਈ ਚੀਜ਼ ਨਹੀਂ ਹੋਵੇਗੀ। ਪਰ ਇਹ ਪਰਮੇਸ਼ੁਰ ਦੀ ਆਪਣੀ ਕਿਸਮ ਦੀ ਸਭਿਅਤਾ ਹੋਵੇਗੀ ਜੋ ਉਹ ਆਪਣੇ ਸ਼ਾਨਦਾਰ ਰਾਜ ਵਿੱਚ ਸਥਾਪਿਤ ਕਰੇਗਾ। ਕਿਉਂਕਿ, ਇਸ ਸਭਿਅਤਾ ਵਿੱਚ ਬਿਮਾਰੀ, ਮੌਤ, ਗ਼ਮ, ਕਬਰਾਂ ਅਤੇ ਇੱਛਾਵਾਂ ਹਨ। ਪਰ ਉਸ ਰਾਜ ਵਿੱਚ ਜੋ ਆਉਣ ਵਾਲਾ ਹੈ, ਕੋਈ ਮੌਤ, ਕੋਈ ਦੁੱਖ, ਕੋਈ ਬੀਮਾਰੀ, ਕੋਈ ਬੁਢਾਪਾ ਨਹੀਂ ਹੋਵੇਗਾ। ਹੇ ਪਰਮੇਸ਼ੁਰ, ਤੁਹਾਡੀ ਸਭਿਅਤਾ ਵਿੱਚ, ਇਹ ਸਭ ਕੁਝ ਨਵਾਂ ਹੋਵੇਗਾ।

272 ਪਰਮੇਸ਼ੁਰ, ਅੱਜ ਆਪਣੀ ਸ਼ਕਤੀ ਦੁਆਰਾ, ਸਾਡੇ ਮਨ ਦੇ ਨਵੇਂ ਕਰਨ ਦੁਆਰਾ, ਸਾਨੂੰ ਬਦਲ ਦਿਓ, ਹੁਣ ਇਸ ਸੰਸਾਰ ਦੇ ਮਾਮੂਲੀ ਤੱਤਾਂ ਤੋਂ, ਪਰਮੇਸ਼ੁਰ ਦੇ ਬਚਨ ਵਿੱਚ ਬਦਲ ਦਿਓ। ਅਤੇ ਅਸੀਂ ਪਰਮੇਸ਼ੁਰ ਦੀ ਰੂਪਾਂਤਰਣ ਸ਼ਕਤੀ ਦੁਆਰਾ ਨਵੇਂ ਕੀਤੇ ਜਾਈਏ ਜੋ ਉਸ ਬੀਜ ਉੱਤੇ ਹੈ ਜੋ ਸਾਡੇ ਦਿਲ ਵਿੱਚ ਹੈ, ਜੋ ਅਸੀਂ ਵਿਸ਼ਵਾਸ ਕਰਦੇ ਹਾਂ, ਉਨ੍ਹਾਂ ਪ੍ਰਾਣੀਆਂ ਵਿੱਚ ਜਿਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਕਿਹਾ ਜਾਂਦਾ ਹੈ। ਪਿਤਾ, ਤੁਹਾਡੇ ਅੱਗੇ ਲੋਕਾਂ ਲਈ, ਮੇਰੀ ਇਹ ਪ੍ਰਾਰਥਨਾ ਹੈ, ਯਿਸੂ ਦੇ ਨਾਮ ਵਿੱਚ। ਆਮੀਨ।

273 ਹੁਣ ਤੁਸੀਂ ਜਿਹੜੇ ਇਹ ਪ੍ਰਸਾਰਣ ਸੁਣ ਰਹੇ ਹੋ, ਤੁਸੀਂ ਜਿੱਥੇ ਵੀ ਹੋ, ਮੈਂ ਚਾਹੁੰਦਾ ਹਾਂ ਕਿ ਤੁਸੀਂ ਮਸੀਹ ਨੂੰ, ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕਰੋ, ਅਤੇ ਉਸਦੀ ਆਤਮਾ ਨਾਲ ਭਰਪੂਰ ਹੋਵੋ। ਉਹ ਸ਼ਬਦ ਜੋ ਅੱਜ ਸਵੇਰੇ ਕਹੇ ਗਏ ਹਨ, ਉਹ ਤੁਹਾਡੇ ਦਿਲ ਵਿੱਚ ਉੱਤਰ ਜਾਣ। ਅਤੇ ਉੱਥੇ ਤੁਸੀਂ ਯਿਸੂ ਨੂੰ ਸਵੀਕਾਰ ਕਰੋ। ਅਤੇ ਤੁਸੀਂ ਆਪਣੇ ਜੀਵਨ ਤੇ ਧਿਆਨ ਦੇਣਾ, ਅਤੇ ਤੁਸੀਂ ਵੇਖਣਾ ਕਿ ਉਸ ਤੋਂ ਬਾਅਦ ਤੁਸੀਂ ਕਿਸ ਤਰ੍ਹਾਂ ਜਿਉਂਦੇ ਹੋ। ਅਤੇ ਇੱਥੇ ਵਿਚਾਰਸ਼ੀਲ ਮਨੁੱਖ ਦੀ ਛਾਣਨੀ ਨੂੰ ਲੈ ਲਵੋ। ਜਦੋਂ ਤੁਸੀਂ ਆਪਣੇ ਆਪ ਨੂੰ ਅਜਿਹਾ ਕੁਝ ਕਰਦੇ ਹੋਏ ਦੇਖਦੇ ਹੋ ਜੋ ਇਸ ਵਚਨ ਦੇ ਉਲਟ ਹੈ, ਤਾਂ ਇਸ ਤੋਂ ਛੇਤੀ ਨਾਲ, ਪਰ੍ਹੇ ਹਟ ਜਾਓ। ਸਮਝੇ? ਕਿਉਂਕਿ, ਇੱਕ ਛਾਣਨੀ ਹੈ ਜੋ ਮੌਤ ਨੂੰ ਤੁਹਾਡੇ ਤੋਂ ਦੂਰ ਰੱਖਦੀ ਹੈ, ਇਹ ਪਰਮੇਸ਼ੁਰ ਦਾ ਬਚਨ ਹੈ। ਉਸਦੇ ਵਚਨ ਜੀਵਨ ਹਨ, ਅਤੇ ਉਹ ਤੁਹਾਨੂੰ ਮੌਤ ਤੋਂ ਬਚਾ ਕੇ ਰੱਖਣਗੇ।

274 ਹੁਣ ਤੁਸੀਂ ਲੋਕ ਜਿਹੜੇ ਇੱਥੇ ਭਵਨ ਵਿੱਚ ਹੋ, ਮੈਂ ਤੁਹਾਨੂੰ ਇੱਥੇ ਲੰਬੇ ਸਮੇਂ ਤਕ ਰੋਕੀ ਰੱਖਿਆ ਹੈ। ਮੈਂ ਤੁਹਾਡੀ ਹਾਜ਼ਰੀ ਲਈ ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਪਰਮੇਸ਼ੁਰ ਇਸ ਬੀਜ ਨੂੰ ਕਦੇ ਮਰਨ ਨਾ ਦੇਵੇ। ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਹ ਨਾ ਸੋਚੋ ਕਿ ਮੈਂ ਇਨ੍ਹਾਂ ਚੀਜ਼ਾਂ ਨੂੰ ਸਿਰਫ਼ ਇਸ ਲਈ ਕਹਿ ਰਿਹਾ ਹਾਂ ਕਿ ਆਪਣੇ ਆਪ ਨੂੰ ਕੁਝ ਵੱਖਰਾ ਦਿਖਾਵਾਂ। ਮੈਂ ਇਹ ਪ੍ਰੇਮ ਦੇ ਕਰਕੇ ਕਹਿੰਦਾ ਹਾਂ; ਅਤੇ ਇਹ ਜਾਣਦੇ ਹੋਏ ਕਿ ਇਹ ਉਦੋਂ ਹੈ ਜਦੋਂ ਮੈਂ ਜਿਉਂਦਾ ਪ੍ਰਾਣੀ ਹਾਂ, ਜਿਵੇਂ ਮੈਂ ਹੁਣ ਹਾਂ, ਸਿਰਫ ਇਹੀ ਉਹ ਸਮਾਂ ਹੈ ਜਦੋਂ ਮੈਂ ਲੋਕਾਂ ਨੂੰ ਪ੍ਰਚਾਰ ਕਰਨ ਦੇ ਯੋਗ ਹਾਂ। ਅਤੇ ਮੈਂ ਯਿਸੂ ਮਸੀਹ ਨੂੰ ਪਿਆਰ ਕਰਦਾ ਹਾਂ। ਉਹ ਮੇਰਾ ਮੁਕਤੀਦਾਤਾ ਹੈ। ਅਤੇ ਯਾਦ ਰੱਖੋ, ਜੇ ਉਸਦੀ ਦਯਾ ਨਾ ਹੁੰਦੀ ਤਾਂ ਮੈਂ ਬਾਹਰ ਸੜਕ ਤੇ ਹੁੰਦਾ। ਮੈਂ ਉੱਥੇ ਬਾਹਰ ਹੁੰਦਾ; ਮੇਰੇ ਸਾਰੇ ਮਾਪੇ, ਮੇਰੇ ਸਾਰੇ ਲੋਕ, ਪਾਪੀ ਸਨ। ਪਰ ਪਰਮੇਸ਼ੁਰ ਨੇ, ਆਪਣੀ ਰੂਪਾਂਤਰਣ ਦੀ ਸ਼ਕਤੀ ਨਾਲ, ਮੈਂ ਜਾਣਦਾ ਹਾਂ ਕਿ ਇਸ ਨੇ ਮੇਰੇ ਵਿੱਚੋਂ ਇੱਕ ਵੱਖਰਾ ਪ੍ਰਾਣੀ ਬਣਾਇਆ ਹੈ। ਅਤੇ ਤੁਹਾਡੇ ਲਈ ਮੈਂ ਇਸਦੀ ਸਿਫ਼ਾਰਿਸ਼ ਕਰ ਸਕਦਾ—ਸਕਦਾ ਹਾਂ, ਕਿ ਭਲੇ ਬਣੋ। ਅਤੇ ਇਹ ਮੁਸੀਬਤ ਦੀ ਘੜੀ ਵਿੱਚ ਰਾਖੀ ਕਰੇਗਾ। ਇੱਥੋਂ ਤਕ ਮੌਤ, ਜਦ ਬੂਹੇ ਤੇ ਹੋਵੇਗੀ, ਤੁਹਾਨੂੰ ਕੋਈ ਡਰ ਨਹੀਂ ਹੋਵੇਗਾ। "ਕੋਈ ਵੀ ਚੀਜ਼ ਸਾਨੂੰ ਪਰਮੇਸ਼ੁਰ ਦੇ ਪਿਆਰ ਤੋਂ ਵੱਖ ਨਹੀਂ ਕਰ ਸਕਦੀ, ਜੋ ਮਸੀਹ ਵਿੱਚ ਹੈ।" ਪਰਮੇਸ਼ੁਰ ਤੁਹਾਡੇ ਵਿੱਚੋਂ ਹਰ ਇੱਕ ਨੂੰ ਅਸੀਸ ਦੇਵੇ, ਅਤੇ ਤੁਹਾਨੂੰ ਅਨੰਤ ਜੀਵਨ ਦੇਵੇ।

275 ਇੱਥੇ ਕਿੰਨੇ ਹਨ ਜਿਨ੍ਹਾਂ ਕੋਲ ਪਰਮੇਸ਼ੁਰ ਦਾ ਬੀਜ, ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਹੈ? ਕੀ ਤੁਸੀਂ ਬਸ ਆਪਣਾ ਹੱਥ ਉੱਪਰ ਕਰੋਗੇ, ਕਹੋਗੇ, "ਮੈਨੂੰ ਯਾਦ ਕਰਨਾ, ਭਾਈ ਬ੍ਰਨਹਾਮ, ਕਿ ਮੈਂ ਉਸ ਪਵਿੱਤਰ ਆਤਮਾ ਨੂੰ ਪ੍ਰਾਪਤ

ਕਰਾਂ।" ਹੁਣ ਤੁਸੀਂ ਵਚਨ ਨੂੰ ਆਪਣੇ—ਆਪਣੇ ਦਿਲ ਅੰਦਰ ਲੈ ਲਵੋ, ਅਤੇ ਇਸ ਤੇ ਵਿਸ਼ਵਾਸ ਕਰੋ। ਹੁਣ ਜੇਕਰ ਤੁਸੀਂ...ਤੁਸੀਂ ਆਪਣੇ ਆਪ ਨੂੰ ਦੇਖ ਸਕਦੇ ਹੋ। ਉੱਪਰ ਜਾਓ ਅਤੇ ਸ਼ੀਸ਼ੇ ਨੂੰ ਦੇਖੋ, ਅਤੇ ਤੁਸੀਂ ਦੇਖ ਸਕਦੇ ਹੋ ਕਿ ਤੁਸੀਂ ਕਿੱਥੇ ਹੋ। ਦੇਖੋ, ਤੁਸੀਂ ਜਾਣ ਸਕਦੇ ਹੋ।

276 ਤੁਸੀ ਕਹੋਗੇ, "ਅੱਛਾ, ਮੈਂ ਆਪਣਾ ਹੱਥ ਉੱਪਰ ਨਹੀਂ ਕੀਤਾ, ਕਿਉਂਕਿ ਮੈਨੂੰ ਵਿਸ਼ਵਾਸ ਹੈ ਕਿ ਮੇਰੇ ਕੋਲ ਹੈ।"

277 ਆਪਣੇ ਆਪ ਨੂੰ ਸ਼ੀਸ਼ੇ ਵਿੱਚ ਦੇਖੋ, ਫਿਰ ਤੁਸੀਂ ਦੇਖੋਗੇ ਕਿ ਕਿਸ ਤਰ੍ਹਾਂ ਦੀ ਆਤਮਾ ਤੁਹਾਨੂੰ ਧੋਖਾ ਦੇ ਰਹੀ ਹੈ, ਸਮਝੇ। ਭਰਮਾਈ ਹੋਈ ਸੋਚ! "ਇੱਕ ਰਾਹ ਹੈ ਜੋ ਇੱਕ ਆਦਮੀ ਨੂੰ ਸਿੱਧਾ ਜਾਪਦਾ ਹੈ, ਪਰ ਇਸ ਦਾ ਅੰਤ ਮੌਤ ਨੂੰ ਜਾਂਦਾ ਹੈ।" ਕੀ ਇਹ ਸੱਚ ਹੈ?

> ਸਲੀਬ ਦੇ ਉੱਤੇ ਜਿੱਥੇ ਮੇਰਾ ਮੁਕਤੀਦਾਤਾ ਮਰ ਗਿਆ,
> ਉੱਥੇ ਪਾਪ ਤੋਂ ਸ਼ੁੱਧ ਹੋਣ ਲਈ ਮੈਂ ਪੁਕਾਰਿਆ;
> ਔਹ, ਉੱਥੇ ਮੇਰੇ ਦਿਲ ਤੇ ਲਹੂ ਲਗਾਇਆ ਗਿਆ ਸੀ;
> ਮਹਿਮਾ...

278 ਬੱਸ ਆਪਣੀਆਂ ਅੱਖਾਂ ਬੰਦ ਕਰੋ, ਹੁਣ ਇੱਕ ਮਿੰਟ, ਅਤੇ ਉਸ ਦੇ ਲਈ ਗਾਓ। ਆਉ ਬਸ ਆਪਣੇ ਹੱਥ ਉੱਪਰ ਚੁਕੀਏ।

> ਉਸ ਦੇ ਨਾਮ ਦੀ ਮਹਿਮਾ ਹੋਵੇ! (ਉਸ ਦੇ ਅਨਮੋਲ ਨਾਮ ਦੀ!)
> ਉਸ ਦੇ ਨਾਮ ਦੀ ਮਹਿਮਾ ਹੋਵੇ!
> ਉੱਥੇ ਮੇਰੇ ਦਿਲ ਤੇ ਲਹੂ ਲਗਾਇਆ ਗਿਆ ਸੀ;
> ਉਸ ਦੀ ਮਹਿਮਾ...

279 ਮੈਂ ਚਾਹੁੰਦਾ ਹਾਂ ਕਿ ਤੁਸੀਂ ਮਸੀਹੀ ਲੋਕ ਇੱਕ ਦੂਜੇ ਨਾਲ ਹੱਥ ਮਿਲਾਓ, ਜੋ ਬਚਾਏ ਗਏ ਹਨ।

> ਮੈਂ ਬਹੁਤ ਹੈਰਾਨੀਜਨਕ ਤਰੀਕੇ ਨਾਲ ਪਾਪ ਤੋਂ ਬਚਾਇਆ ਗਿਆ ਹਾਂ,
> ਯਿਸੂ ਬਹੁਤ ਮਿਠਾਸ ਨਾਲ ਅੰਦਰ ਰਹਿੰਦਾ ਹੈ,
> ਉੱਥੇ ਸਲੀਬ ਤੇ ਜਿੱਥੇ ਉਹ ਮੈਨੂੰ ਅੰਦਰ ਲੈ ਗਿਆ;
> ਉਸ ਦੇ ਨਾਮ ਦੀ ਮਹਿਮਾ ਹੋਵੇ!
>
> ਉਸ ਦੇ ਨਾਮ ਦੀ ਮਹਿਮਾ ਹੋਵੇ! (ਅਨਮੋਲ ਨਾਮ!)
> ਉਸ ਦੇ ਨਾਮ ਦੀ ਮਹਿਮਾ ਹੋਵੇ!

ਔਹ, ਉੱਥੇ ਮੇਰੇ ਦਿਲ ਤੇ ਲਹੂ ਲਗਾਇਆ ਗਿਆ ਸੀ;
ਉਸ ਦੇ ਨਾਮ ਦੀ ਮਹਿਮਾ ਹੋਵੇ!

280 ਲਹੂ ਵਿੱਚ ਜੀਵਨ ਦਾ ਜੀਵਾਣੂ ਹੈ, ਤੁਸੀਂ ਜਾਣਦੇ ਹੋ। ਇਹ ਉਹਨਾਂ ਲਈ ਹੈ ਜੋ ਉਸਨੂੰ ਨਹੀਂ ਜਾਣਦੇ:

ਔਹ, ਇਸ ਝਰਨੇ ਤੇ ਆਓ ਜੋ ਇੰਨਾ ਧਨਵਾਨ ਅਤੇ ਮਿੱਠਾ ਹੈ;
ਆਪਣੇ ਬੇਸਹਾਰਾ ਪ੍ਰਾਣ ਨੂੰ ਮੁਕਤੀਦਾਤਾ ਦੇ ਚਰਨਾਂ ਵਿੱਚ ਰੱਖ ਦਿਓ;
ਔਹ, ਅੱਜ ਇਸ ਵਿੱਚ ਗੋਤਾ ਲਗਾਓ, ਅਤੇ ਸੰਪੂਰਨ ਬਣ ਜਾਓ;
ਉਸ ਦੇ ਨਾਮ ਦੀ ਮਹਿਮਾ ਹੋਵੇ!

ਔਹ, ਉਸ ਦੀ ਮਹਿਮਾ...

ਆਓ ਹੁਣ ਆਪਣੇ ਸਿਰ ਨੂੰ ਝੁਕਾਈਏ ਜਦ ਅਸੀਂ ਇਸਨੂੰ ਗਾਉਂਦੇ ਹਾਂ।

ਉਸ ਦੇ ਨਾਮ ਦੀ ਮਹਿਮਾ ਹੋਵੇ!
ਉੱਥੇ ਮੇਰੇ ਦਿਲ ਤੇ ਲਹੂ ਲਗਾਇਆ ਗਿਆ ਸੀ;
ਉਸ ਦੇ ਨਾਮ ਦੀ ਮਹਿਮਾ ਹੋਵੇ!

281 ਕੀ ਤੁਸੀਂ ਉਸਨੂੰ ਪ੍ਰੇਮ ਕਰਦੇ ਹੋ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਪੌਲੁਸ ਨੇ ਕਿਹਾ, "ਮੈਂ ਆਤਮਾ ਵਿੱਚ ਗਾਵਾਂਗਾ। ਮੈਂ ਆਤਮਾ ਵਿੱਚ ਅਰਾਧਨਾ ਕਰਾਂਗਾ।" ਚਲੋ ਇਸਨੂੰ ਆਹਿਸਤਾ ਨਾਲ ਦੁਬਾਰਾ ਗਾਈਏ, ਆਪਣੇ ਹੱਥਾਂ ਨੂੰ ਉੱਪਰ ਚੁੱਕ ਕੇ।

282 ਤੁਸੀਂ ਜਾਣਦੇ ਹੋ, ਇਸਦੀ ਪਰੇਸ਼ਾਨੀ ਕੀ ਹੈ, ਅਸੀਂ ਪੈਂਟੇਕੋਸਟਲ ਲੋਕਾਂ ਨੇ, ਅਸੀਂ ਆਪਣੀ ਖੁਸ਼ੀ ਗੁਆ ਲਈ ਹੈ, ਅਸੀਂ ਆਪਣੀਆਂ ਭਾਵਨਾਵਾਂ ਗੁਆ ਲਈਆਂ ਹਨ। ਜਿਵੇਂ ਉਸ ਰਾਤ ਬਿਲੀ ਗ੍ਰਾਹਮ ਨੇ ਕਿਹਾ ਸੀ, "ਉਹ ਪ੍ਰਚਾਰਕ, ਜਿਨ੍ਹਾਂ ਦੇ ਕਾਲਰ ਮੁੜੇ ਹੋਏ ਹਨ, ਦੱਖਣ ਵੱਲ ਜਾ ਰਹੇ ਹਨ, ਆਪਣੇ ਹੱਥਾਂ ਨਾਲ ਤਾੜੀਆਂ ਮਾਰਦੇ ਹਨ, ਅਤੇ ਆਪਣੇ ਪੈਰਾਂ ਨੂੰ ਜ਼ਮੀਨ ਤੇ ਉੱਪਰ-ਅਤੇ-ਹੇਠਾਂ ਪਟਕਦੇ ਹਨ, ਅਤੇ ਜੋਰ ਨਾਲ ਪੈਰ ਮਾਰਦੇ ਹਨ, ਉਹਨਾਂ ਕੋਲ ਕੁਝ ਅਜਿਹਾ ਸੀ ਜਿਸ ਲਈ ਉਹ ਖੁਸ਼ ਸਨ।" ਅੱਛਾ, ਹਾਂ, ਮੇਰੇ ਕੋਲ ਉਹ ਚੀਜ਼ ਹੈ ਜਿਸ ਲਈ ਮੈਂ ਖੁਸ਼ ਹਾਂ। ਸਮਝੇ? ਸਮਝੇ? ਹਾਂ। ਹਾਂ, ਅਸੀਂ ਆਪਣੇ ਜਜ਼ਬਾਤ ਗੁਆ ਚੁੱਕੇ ਹਾਂ।

283 ਆਉ ਹੁਣ ਆਪਣੇ ਹੱਥ ਉੱਪਰ ਕਰੀਏ। ਹੰਝੂਆਂ ਦੀ ਚਿੰਤਾ ਨਾ ਕਰੋ, ਉਹ ਕੋਈ ਨੁਕਸਾਨ ਨਹੀਂ ਕਰਨਗੇ, ਦੇਖੋ। ਇਹ ਨੁਕਸਾਨ ਨਹੀਂ ਕਰਦੇ। "ਜਿਹੜੇ

ਹੰਝੂਆਂ ਨਾਲ ਬੀਜਦੇ ਹਨ, ਉਹ ਬੇਸ਼ੱਕ, ਬਹੁਮੁੱਲੀਆਂ ਭਰੀਆਂ ਲੈ ਕੇ, ਵਾਪਸ ਆਉਣਗੇ।" ਠੀਕ ਹੈ।

ਉਸ ਦੇ ਨਾਮ ਦੀ ਮਹਿਮਾ ਹੋਵੇ! (ਅਨਮੋਲ ਨਾਮ!)
ਉਸ ਦੇ ਨਾਮ ਦੀ ਮਹਿਮਾ ਹੋਵੇ!
ਉੱਥੇ ਮੇਰੇ ਦਿਲ ਤੇ ਲਹੂ ਲਗਾਇਆ ਗਿਆ ਸੀ;
ਉਸ ਦੇ ਨਾਮ ਦੀ ਮਹਿਮਾ ਹੋਵੇ!

ਉਸ ਦੀ ਮਹਿਮਾ…(ਹੇ ਪ੍ਰਭੂ! ਪਰਮੇਸ਼ੁਰ ਦੀ ਮਹਿਮਾ ਹੋਵੇ!)
ਉਸ ਦੇ ਨਾਮ ਦੀ ਮਹਿਮਾ ਹੋਵੇ!

ਪ੍ਰਭੂ, ਬੀਜ ਨੂੰ, ਹਿਰਦੇ ਵਿੱਚ ਡੁੱਬੋ ਦਿਓ!

…ਮੇਰੇ ਦਿਲ ਤੇ ਲਹੂ ਲਗਾਇਆ ਗਿਆ ਸੀ;
ਉਸ ਦੇ ਨਾਮ ਦੀ ਮਹਿਮਾ ਹੋਵੇ!

65-0911 ਰੂਪਾਂਤਰਣ ਦੇ ਲਈ ਪਰਮੇਸ਼ੁਰ ਦੀ ਸ਼ਕਤੀ
ਰਮਾਡਾ ਇੰਨ
ਫੀਨਿਕਸ, ਅਰੀਜੋਨਾ ਸੰਯੁਕਤ ਰਾਜ ਅਮਰੀਕਾ

PUNJABI

©2024 VGR, ALL RIGHTS RESERVED

Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org

## ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org